# ਵਰਿਆਮ

ਫਰਵਰੀ 1976

MONTHLY WARIAM

1-00



Namdhari Elibrary NamdhariElibrary@gmail.com

Namdhari Elibrary NamdhariElibrary@gmail.com

Phone : 566736

FOR BEST QUALITY & PERFORMANCE
ASK FOR
JAYSON PRODUCTS





1. ELECTRIC MOTORS
Single Phase and Three Phase
Foot and flange mounted
Loom Motors
2. GRINDERS
3. POLISHERS
4 EXHAUST FANS
5. CEILING FANS
6. REVERSING SWITCH
7. COOLANT PUMPS





Manufacturers

**JAYSON ELECTRIC COMPANY**

**WH 2, Phase 1, Siri Sat Guru Ram Singh Marg,**
**Maya Puri, NEW DELHI-110027.**



Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Phones : Office : 264192 PP
Resi. : 213054

- TUKRIDAR, PRINTED SHAMIANAS
- KANATS
- CHADDERS
- ALL KINDS OF STEEL & WOODEN FURNITURE

Manufacturers & Suppliers

# NAMDHARI AGENCIES

**2/2068, CHAH ANDARA,**

**(Behind Jublee Talkies, Near Fountain)**

**CHANDNI CHOWK, DELHI—110006.**




Namdhari Elibrary NamdhariElibrary@gmail.com

ਮਾਸਕ

# ਵਰਿਆਮ

ਫਰਵਰੀ, 1976

ਜਿਲਦ ਨੰ: 1 ਅੰਕ ਨੰ: 4


| ਨੰ: | | | ਪੰਨਾ |
|---|---|---|---|
| 1. | ਕੂਕਾ ਲਹਿਰ ਤੇ ਭਾਰਤੀ ਸੁਤੰਤਰਾ ਸੰਗ੍ਰਾਮ | ਪ੍ਰੋ: ਕ੍ਰਿਪਾਲ ਸਿੰਘ ਕਸੇਲ | 1 |
| 2. | ਬਾਗ਼ੀ ਦੀ ਧੀ (ਕਹਾਣੀ) | ਗਿ: ਗੁਰਮੁਖ ਸਿੰਘ ਮੁਸਾਫਰ | 3 |
| 3. | ਜਬ ਹੀ ਸਰਨਿ ਸਾਧ ਕੀ ਆਇਓ | ਡਾ: ਕਰਮ ਸਿੰਘ ਕਪੂਰ | 9 |
| 4. | ਦਰਦ ਦਾ ਰਿਸ਼ਤਾ (ਕਹਾਣੀ) | ਅਸੀਮ ਕੋਟਾਲਵੀ | 14 |
| 5. | 100ਵਾਂ ਹਰਿਬਲਭ ਸੰਗੀਤ ਸੰਮੇਲਨ | ਜੁਗਿੰਦਰ ਬਾਵਰਾ | 16 |
| 6. | ਗ਼ਜ਼ਲ | ਗੁਰਦੇਵ ਸਿੰਘ ਪੰਦੋਹਲ | 18 |
| 7. | ਗ਼ਜ਼ਲ | ਸੁਰਿੰਦਰ ਦੀਪ | 18 |
| 8. | ਦੋ ਰੁਬਾਈਆਂ | ਪ੍ਰੀਤਮ ਸਿੰਘ ਕਵੀ | 18 |
| 9. | ਲਾਫਿੰਗ ਬੁਧ ਖਾਮੋਸ਼ ਹੈ (ਮਿਨੀ ਵਿਅੰਗ) | ਪ੍ਰੀਤਮ ਸਿੰਘ ਪੰਛੀ | 19 |
| 10. | ਬੁਰਕਮਾਰ ਕਵੀ (ਘੁਣਤਰਾਂ) | ਦਲਬੀਰ | 21 |
| 11. | ਸਾਹਿਤ ਸਮਾਚਾਰ | | 27 |



| | | |
|---|---|---|
| ਸੰਪਾਦਕ | : | ਜਗਦੀਸ਼ ਸਿੰਘ |
| ਮੁਲ ਪ੍ਰਤੀ ਕਾਪੀ | : | 1 ਰੁਪਿਆ |
| ਚੰਦਾ ਸਾਲਾਨਾ | : | 12 ਰੁਪਏ |
| ਲਾਈਫ ਮੈਂਬਰਸ਼ਿਪ | : | 200 ਰੁਪਏ |

ਚਿੱਠੀ ਪੱਤਰ ਦਾ ਐਡਰੈਸ

**ਮੈਨੇਜਰ ਵਰਿਆਮ,**

**ਲਾਡੋਵਾਲੀ ਰੋਡ**

**ਜਲੰਧਰ—144001.**


## ਸੰਪਾਦਕ ਵਲੋਂ

ਵਰਿਆਮ ਦਾ ਹਥਲਾ ਪਰਚਾ ਆਕਾਰ ਵਿਚ ਕੁਝ ਛੋਟਾ ਹੈ। ਅਸੀਂ ਸ਼ੁਰੂ ਤੋਂ ਹੀ ਖਾਸ ਮਜਬੂਰੀਆਂ ਅਤੇ ਨਿਤ ਨਵੀਆਂ ਪੇਸ਼ ਆਉਂਦੀਆਂ ਮੁਸ਼ਕਲਾਂ ਕਾਰਨ ਪਰਚਾ ਲੇਟ ਹੀ ਕਢਦੇ ਰਹੇ। ਭਾਵੇਂ ਸਾਡਾ ਯਤਨ ਰਿਹਾ ਕਿ ਇਹ ਪਾੜਾ ਮੇਟ ਦਿਤਾ ਜਾਵੇ ਫਿਰ ਵੀ ਜਦੋਂ ਇਕ ਵਾਰ ਵਿਥ ਪੈ ਜਾਵੇ ਪਾਂ ਇਹ ਦੇਰੀ ਮੇਟਣ ਨੂੰ ਸਮਾਂ ਜ਼ਰੂਰ ਲਗ ਜਾਂਦਾ ਹੈ। ਇਸ ਖੱਪੇ ਨੂੰ ਪੂਰਿਆਂ ਕਰਨ ਵਾਸਤੇ ਇਹ ਅੰਕ ਆਕਾਰ ਵਿਚ ਕੁਝ ਸਫੇ ਛੋਟਾ ਹੈ ਪਰੰਤੂ ਵਿਸ਼ੇ ਵਸਤੂ ਦੇ ਪਖੋਂ ਨਹੀਂ। ਇਸ ਵਾਰ ਸਪੋਰਟਸ ਕਾਲਮ ਅਤੇ ਤੁਹਾਡਾ ਪੰਨਾ ਨਹੀਂ ਛਾਪ ਰਹੇ। ਅਗਲਾ ਮਾਰਚ ਦਾ ਅੰਕ ਥੋੜੇ ਹੀ ਦਿਨਾਂ ਤੱਕ ਠੀਕ ਵਕਤ ਸਿਰ ਤੁਹਾਡੇ ਪਾਸ ਪੁਜੇਗਾ ਅਤੇ ਉਸ ਵਿਚ ਸਾਰੇ ਫੀਚਰ ਹੋਣਗੇ। ਇਸ ਵਾਸਤੇ ਅਸੀਂ ਅਪਣੇ ਸੁਹਿਰਦ ਪਾਠਕਾਂ ਤੋਂ ਖਿਮਾ ਯਾਚਨਾ ਕਰਦਿਆਂ ਭਰੋਸਾ ਦੁਆਉਂਦੇ ਹਾਂ ਕਿ ਅਗੋਂ ਤੋਂ 'ਸਭ ਹਛਾ' ਹੀ ਹੋਵੇਗਾ।

—ਸੰਪਾਦਕ

## ਸ: ਗੁਰਦਿਆਲ ਸਿੰਘ ਨੂੰ ਪੁਰਸਕਾਰ

ਪ੍ਰਸਿਧ ਪੰਜਾਬੀ ਸਾਹਿਤਕਾਰ ਸ: ਗੁਰਦਿਆਲ ਸਿੰਘ ਦੇ ਨਾਵਲ 'ਅਧ ਚਾਨਣੀ ਰਾਤ ਨੂੰ' ਪਿਛਲੇ ਸਾਲ ਪੰਜਾਬ ਸਰਕਾਰ ਦੇ 'ਨਾਨਕ ਸਿੰਘ ਪੁਰਸਕਾਰ ਮਿਲਨ ਪਿਛੋਂ ਇਸ ਸਾਲ ਸਾਹਿਤ ਅਕਾਦਮੀ ਦਾ ਪੰਜਾਬੀ ਪੁਰਸਕਾਰ ਪ੍ਰਾਪਤ ਹੋਇਆ ਹੈ। ਇਸ ਅਵਸਰ ਤੇ ਅਸੀਂ ਪ੍ਰੋ: ਸਾਹਿਬ ਨੂੰ ਹਾਰਦਿਕ ਵਧਾਈਆਂ ਪੇਸ਼ ਕਰਦੇ ਹਾਂ। —ਸੰਪਾਦਕ

## ਸ: ਅਜੀਤ ਸਿੰਘ ਛਿੱਕਾ ਨੂੰ ਸਦਮਾ

ਸ: ਅਜੀਤ ਸਿੰਘ ਛਿੱਕਾ (ਪ੍ਰਧਾਨ ਨਗਰ ਪਾਲਕਾ ਜਲੰਧਰ) ਦੇ ਪਿਤਾ ਸ: ਹਜ਼ਾਰਾ ਸਿੰਘ ਜੀ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸਨ। ਪਿਛਲੇ ਸਾਲ ਵਿਚ ਅਗੇ ਵੀ ਤਿੰਨ ਨਿਕਟ ਸਬੰਧੀਆਂ ਦੇ ਦੁਖਦਾਈ ਸਦਮੇ ਛਿੱਕਾ ਸਾਹਿਬ ਨੂੰ ਬਰਦਾਸ਼ਤਕਰਨੇ ਪਏ ਸਨ। ਅਸੀਂ ਉਹਨਾਂ ਦੇ ਇਸ ਦੁਖ ਵਿਚ ਸ਼ਰੀਕ ਹੁੰਦੇ ਹੋਏ ਸਵਰਗਵਾਸੀ ਪਿਤਾ ਜੀ ਦੀ ਸਦਗਤੀ ਦੀ ਅਰਦਾਸ ਕਰਦੇ ਹਾਂ। —ਸੰਪਾਦਕ

Namdhari Elibrary NamdhariElibrary@gmail.com

# ਮੁਖ ਪੰਨੇ ਦਾ ਚਿਤਰ

## ਸਤਿਗੁਰੂ ਰਾਮ ਸਿੰਘ : ਜਿਨ੍ਹਾਂ ਦਾ ਪ੍ਰਕਾਸ਼ ਦਿਵਸ 5 ਫਰਵਰੀ 1976 ਨੂੰ ਹੈ

ਸੰਨ 1816 ਦੀ ਬਸੰਤ ਪੰਚਮੀਂ ਨੂੰ ਪਿੰਡ ਭੈਣੀ ਆਰਾਈਆਂ ਜ਼ਿਲਾ ਲੁਧਿਆਣਾ ਵਿਚ ਪ੍ਰਗਟ ਹੋਏ। ਜਿਥੇ ਆਪ ਨੇ ਉਸ ਵੇਲੇ ਆਤਮਕ ਅਤੇ ਸਮਾਜਕ ਤੌਰ ਤੇ ਮੂਲੋਂ ਹੀ ਨਿਘਰ ਚੁਕੇ ਸਮਾਜ ਨੂੰ ਮੁੜ ਕੇ ਜੀਆ ਦਾਨ ਦਿਤਾ ਉਥੇ ਸਭ ਤੋਂ ਪਹਿਲਾਂ ਅੰਗ੍ਰੇਜ਼ੀ ਸਾਮਰਾਜ ਵਿਰੁਧ ਵੀ ਜਹਾਦ ਕਰਕੇ, ਭਾਰਤ ਦੀ ਸੁਤੀ ਆਤਮਾ ਨੂੰ ਹਲੂਣ ਕੇ ਲੋਕਾਂ ਨੂੰ ਸੁਤੰਤਰਤਾ ਲਈ ਜਥੇਬੰਦ ਕੀਤਾ। ਆਪ ਵਲੋਂ ਪਰਚਾਰੇ ਗਏ ਸੁਦੇਸ਼ੀ ਅਤੇ ਨਾ-ਮਿਲਵਰਤਨ ਦੇ ਸਿਧਾਂਤ ਨੂੰ ਪਿਛੋਂ ਜਾ ਕੇ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਨੇ ਵੀ ਅਪਣਾਇਆ। ਬਦੇਸ਼ੀ ਕਪੜੇ ਅਤੇ ਹੋਰ ਸਮਾਨ, ਅੰਗਰੇਜ਼ ਵਲੋਂ ਚਲਾਈਆਂ ਗਈਆਂ ਰੇਲਾਂ, ਡਾਕਖਾਨਿਆਂ, ਕਚਹਿਰੀਆਂ ਅਤੇ ਸਕੂਲਾਂ ਤੱਕ ਦਾ ਬਾਈਕਾਟ ਕੀਤਾ। ਦੇਸ ਦੀ ਆਜ਼ਾਦੀ ਲਈ ਰੂਸ ਤੇ ਨੇਪਾਲ ਸਰਕਾਰਾਂ ਨਾਲ ਵੀ ਸੰਪਰਕ ਪੈਦਾ ਕੀਤੇ।

ਇਸਤਰੀਆਂ ਨੂੰ ਵਿਸ਼ੇਸ਼ ਹੱਕ ਦਿਤੇ। ਅਨੰਦ ਕਾਰਜ ਦੀ ਅਤਿ ਸਾਦਾ ਵਿਆਹ ਦੀ ਰਸਮ ਪ੍ਰਚਲਤ ਕੀਤੀ। ਬਾਲ ਵਿਆ ਰੋਕੇ ਅਤੇ ਵਿਧਵਾ ਵਿਆਹਾਂ ਦਾ ਪ੍ਰਚਾਰ ਕੀਤਾ। ਜੰਮਦੀਆਂ ਕੁੜੀਆਂ ਨੂੰ ਵੇਚਣ ਤੇ ਵਟੇ ਦੇ ਸਾਕਾਂ ਦੇ ਘਨਾਉਣੇ ਅਪਰਾਧਾਂ ਵਿਰੁਧ ਪਰਚਾਰ ਕੀਤਾ। ਸਮਾਜ ਵਿਚੋਂ ਝੂਠੇ ਵਹਿਮ, ਪਖੰਡ ਭਰਮਾਂ ਤੇ ਕੁਰੀਤੀਆਂ ਕਢਣ ਲਈ ਯਤਨ ਕੀਤੇ।

ਇਸ ਸਾਰੇ ਕ੍ਰਾਂਤੀਕਾਰੀ ਕਾਰਜ-ਕਰਮ ਤੋਂ ਅੰਗਰੇਜ ਹਕੂਮਤ ਬੌਖਲਾ ਗਈ। ਆਪ ਦੇ ਪੈਰੋਕਾਰ ਨਾਮਧਾਰੀਆਂ ਨੂੰ ਫਾਹੇ ਲਾਇਆ ਗਿਆ, ਤੋਪਾਂ ਨਾਲ ਉਡਾਇਆ, ਜਲਾਵਤਨੀਆਂ ਜੇਹਲਾਂ ਅਤੇ ਕੁਰਕੀਆਂ ਦੀਆਂ ਸਜ਼ਾਵਾਂ ਹੋਦੀਆਂ ਆਪ ਨੂੰ ਵੀ ਜਲਾਵਤਨ ਕਰਕੇ ਬਰਮਾ ਭੇਜ ਦਿਤਾ ਗਿਆ।

Namdhari Elibrary NamdhariElibrary@gmail.com

# ਕੂਕਾ-ਲਹਿਰ ਤੇ ਭਾਰਤੀ ਸੁਤੰਤਰਤਾ ਸੰਗਰਾਮ

ਪ੍ਰੋ: ਕਿਰਪਾਲ ਸਿੰਘ ਕਸੇਲ

ਕੂਕਾ ਲਹਿਰ ਨੂੰ ਨਾਮਧਾਰੀ ਮਤ ਨਾਲੋਂ ਵਖਰਾ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਰਾਮ ਸਿੰਘ ਦੇ ਪ੍ਰਭਾਵ ਥੱਲੇ ਸਿੱਖਾਂ ਵਿਚ ਜਿਹੜੀ ਨਵੀਂ ਧਾਰਮਿਕ ਚੇਤਨਤਾ ਤੇ ਜਥੇਬੰਦੀ 13 ਅਪਰੈਲ 1857 ਨੂੰ ਹੋਂਦ ਵਿਚ ਆਈ ਉਸ ਨੂੰ ਨਾਮ-ਧਾਰੀ ਮਤ ਆਖਿਆ ਜਾਂਦਾ ਹੈ। ਇਹ ਮਤ ਪਿਛਲੇ 119 ਸਾਲਾਂ ਤੋਂ ਭਾਰਤ ਦੇ ਕੌਮੀ ਇਤਿਹਾਸ ਵਿਚ ਮਹੱਤਵ ਪੂਰਨ ਹਿਸਾ ਪਾ ਰਿਹਾ ਹੈ। ਕੌਮੀ ਜੀਵਨ ਦੀ ਉਸਾਰੀ ਵਿਚ ਨਾਮ-ਧਾਰੀਆਂ ਵਲੋਂ ਪਾਏ ਗਏ ਇਸ ਹਿਸੇ ਦੇ ਕਈ ਪੱਖ ਹਨ। ਜੋ ਇਸ ਮਤ ਦੇ ਲੰਬੇ ਇਤਿਹਾਸ ਦੇ ਡੂੰਘੇ ਅਧਿਐਨ ਪਿਛੋਂ ਹੀ ਪਤਾ ਲਗ ਸਕਦਾ ਹੈ। ਪਰ ਕੂਕਾ ਲਹਿਰ, ਇਸਦਾ ਉਹ ਇਨਕਲਾਬੀ ਭਾਗ ਹੈ, ਜਿਸ ਵਿਚ ਨਾਮਧਾਰੀ ਪੰਥ ਨੂੰ ਅੰਗਰੇਜ਼ ਸਾਮਰਾਜ ਵਿਰੁਧ ਕਈ ਸੰਗਰਾਮ ਲੜਨੇ ਪਏ ਹਨ। ਬੁਨਿਆਦੀ ਰੂਪ ਵਿਚ ਇਹ ਲਹਿਰ ਸਾਮਰਾਜੀ ਜ਼ੁਲਮ ਤਸ਼ੱਦਦ ਦੀ ਹੀ ਕਹਾਣੀ ਨਾਲ ਸਬੰਧਤ ਹੈ। ਇਸ ਲਹਿਰ ਦਾ ਇਤਿਹਾਸ ਫਾਸੀਆਂ ਤੋਪਾਂ ਅਗੇ ਉਡਾਏ ਜਾਣ, ਕਾਲ ਕੋਠੜੀਆਂ ਦੀਆਂ ਸਜ਼ਾਵਾਂ ਅਤੇ ਜਲਾਵਤਨੀਆਂ ਦੇ ਸਾਮ-ਰਾਜੀ ਦਮਨ-ਚੱਕਰ ਦੀ ਸ਼ਾਹਦੀ ਭਰਦਾ ਹੈ। ਨਾਮਧਾਰੀ ਅਰਦਾਸ ਵਿਚ ਹੀ ਕਈ ਵਾਰ ਉਹਨਾਂ ਅੱਸੀ ਗੁਰਮੁਖਾਂ ਦਾ ਜ਼ਿਕਰ ਕੀਤਾ ਜਾਂਦਾ ਹੈ; ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਆਪਣੇ ਆਪ ਨੂੰ 'ਗੁਰਮੁਖ' ਸਿਧ ਕਰਦੇ ਹੋਏ ਗੁਰੂ ਦੀ ਇੱਛਾ ਉਤੇ ਸਿਰ ਝੁਕਾਉਂਦੇ ਹੋਏ ਖਿੜੇ ਮਥੇ ਬਲੀ-ਦਾਨ ਦਿਤਾ ਸੀ। ਅਜ ਵੀ ਇਨ੍ਹਾਂ ਸਚੇ ਦੇਸ਼ ਭਗਤਾਂ ਤੇ ਕੌਮੀ ਸ਼ਹੀਦਾਂ ਨੂੰ ਯਾਦ ਕਰਕੇ ਕੂਕਾ ਲਹਿਰ ਨੂੰ ਦੇਸ਼ ਦੀ ਵਡੀ ਕੌਮੀ ਲਹਿਰ ਮੰਨਿਆ ਜਾਂਦਾ ਹੈ। 1872 ਵਿਚ ਵਾਪਰੇ ਮਲੇਰਕੋਟਲੇ ਦੇ ਕੌਮੀ ਦੁਖਾਂਤ ਨੂੰ ਤਾਂ ਕਈ ਲੋਕ ਕੂਕਾ ਬਗਾਵਤ ਦਾ ਨਾਮ ਦੇਂਦੇ ਹਨ। ਜੋ ਪ੍ਰਤੀਕ ਰੂਪ ਵਿਚ ਠੀਕ ਹੀ ਮੰਨਿਆਂ ਜਾ ਸਕਦਾ ਹੈ।

ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਤੇ ਪਾਵਨ ਸ਼ਖਸੀਅਤ ਨੇ ਜਿਸ ਪ੍ਰਕਾਰ ਦੇਸ਼ ਦੀ ਅਗਵਾਈ ਕੀਤੀ ਉਹ ਆਪਣੇ ਆਪ ਵਿਚ ਇਕ ਉਚੀ ਮਾਨਵੀ ਤੇ ਕੌਮੀ ਰਵਾਇਤ ਨੂੰ ਉਜਾਗਰ ਕਰਦੀ ਹੈ। ਆਪ ਦੀ ਸ਼ਖਸੀਅਤ ਏਨੀ ਸਰਵ ਪੱਖੀ ਤੇ ਭਰਪੂਰ ਸੀ ਕਿ ਇਸ ਨੇ ਕੌਮੀ ਜੀਵਨ ਦੇ ਅਨੇਕ ਪੱਖਾਂ ਵਲ ਧਿਆਨ ਦਿਤਾ। ਨਿਰਾ ਏਨਾ ਹੀ ਨਹੀਂ ਸਗੋਂ ਸਮੁਚੇ ਮਾਨਵੀ ਜੀਵਨ ਵਿਚ ਵੀ ਕਈ ਨਵੇਂ ਆਦਰਸ਼ ਲਿਆਂਦੇ ਜਿਨ੍ਹਾਂ ਉਤੇ ਅਜ ਵੀ ਸੰਪੂਰਨ ਮਨੁਖੀ ਭਾਈ ਚਾਰੇ ਦੀ ਨੀਂਹ ਰਖੀ ਜਾ ਸਕਦੀ ਹੈ।

ਮਨੁੱਖ ਦੀ ਸ਼ਖਸੀਅਤ ਦਾ ਸਭ ਤੋਂ ਵਡਾ ਕੇਂਦਰ ਉਸਦੀ ਆਤਮਾ ਹੈ। ਆਤਮਕ ਚੇਤਨਤਾ ਤੋਂ ਬਿਨਾ ਨਾ ਮਨੁਖ ਉਚਾ ਉਠ ਸਕਦਾ ਹੈ ਨਾ ਉਚੇਰੇ ਸਮਾਜ ਦੀ ਉਸਾਰੀ ਹੀ ਕੀਤੀ ਜਾ ਸਕਦੀ ਹੈ ਪਰ ਇਸ ਆਤਮਾ ਵਿਚ ਸ਼ਕਤੀ ਕਿਥੋਂ ਆਉਂਦੀ ਹੈ ਅਰਥਾਤ ਆਤਮਕ ਚੇਤਨਤਾ ਦਾ ਮੂਲ ਆਧਾਰ ਕੀ ਹੈ। ਨਾਮਧਾਰੀ ਮਤ ਦੇ ਬਾਨੀ ਨੇ ਆਪਣੇ ਜੀਵਨ ਦੇ ਅਮਲ ਰਾਹੀਂ ਸਿਧ ਕਰ ਦਿਤਾ ਕਿ ਆਤਮਿਕ ਬਲ ਜੋ ਕਿਸੇ ਵਿਅੱਕਤੀ ਦੇ ਆਚਰਨਕ ਬਲ ਦਾ ਆਧਾਰ ਹੁੰਦਾ ਹੈ ਉਹ 'ਸਤਿਗੁਰੂ' ਤੋਂ ਪ੍ਰਾਪਤ ਹੁੰਦਾ ਹੈ। ਸਤਿਗੁਰੂ ਇਸ ਸੰਸਾਰ ਵਿਚ ਅਕਾਲ ਪੁਰਖ ਦੀ ਸਾਖਿਆਤ ਹਸਤੀ ਤੇ ਸ਼ਕਤੀ ਦਾ ਸੰਚਾਲਕ ਹੈ ਅਤੇ ਇਸ ਆਤਮਿਕ ਸ਼ਕਤੀ ਦਾ ਸੰਚਲਨ 'ਨਾਮ' ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। 'ਨਾਮ' ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ ਤੇ ਇਹ ਮਨੁਖ ਨੂੰ ਅਕਾਲ ਪੁਰਖ ਦੇ ਅਨਾਦੀ ਸ਼ਕਤੀ ਸਰੋਤ ਨਾਲ ਜੋੜ ਦੇਂਦਾ ਹੈ। ਜਦੋਂ ਕਿਸੇ ਮਨੁਖ ਕੋਲ ਸਤਿਗੁਰੂ ਦੀ ਕਿਰਪਾ ਦੁਆਰਾ ਨਾਮ ਦੀ ਦਾਤ ਪ੍ਰਾਪਤ ਹੋ ਜਾਵੇ ਤਾ ਮਾਨੋ ਉਸ ਕੋਲ ਲੁੜੀਂਦਾ ਆਤਮਿਕ ਬਲ ਪ੍ਰਾਪਤ ਹੋ ਗਿਆ ਜੋ ਉਸਦੇ ਆਚਰਨ ਨੂੰ ਵੀ ਉਸਾਰਦਾ ਹੈ ਅਤੇ ਹੋਰ ਵਿਗਸਤ ਹੋਕੇ ਜਾਂ



Namdhari Elibrary NamdhariElibrary@gmail.com

ਕਰਮਸ਼ੀਲ ਰੂਪ ਧਾਰਨ ਕਰਕੇ ਕੌਮ ਦੇ ਆਤਮਿਕ ਆਚਰਨ ਨੂੰ ਵੀ ਘੜਦਾ ਹੈ। ਕੋਈ ਵੀ ਕੌਮ ਆਪਣੇ ਵਿਚ ਸਦਾਚਾਰਕ ਜਾਂ ਆਤਮਿਕ ਬਲ ਨੂੰ ਵਿਗਸਿਤ ਕਰਨ ਤੋਂ ਬਿਨ੍ਹਾਂ ਆਪਣੇ ਭਵਿਖ ਨੂੰ ਸਥਾਈ ਰੂਪ ਵਿਚ ਸਥਿਰ ਨਹੀਂ ਕਰ ਸਕਦੀ। ਇਹੀ ਸਿਖਿਆ ਮੁੜ 20ਵੀਂ ਸਦੀ ਵਿਚ ਮਹਾਤਮਾ ਗਾਂਧੀ ਨੇ ਦ੍ਰਿੜ ਕਰਵਾਈ।

ਸਤਿਗੁਰੂ ਰਾਮ ਸਿੰਘ ਨੇ ਕੇਵਲ ਆਪਣੇ ਲਖਾਂ ਪੈਰੋਕਾਰਾਂ ਨੂੰ ਆਤਮਿਕ ਤੌਰ ਤੇ ਜੀ ਦਾਨ ਹੀ ਨਹੀਂ ਸੀ ਦਿਤਾ ਸਗੋਂ ਕੁਝ ਸਾਲਾਂ ਵਿਚ ਇਕ ਮਜ਼ਬੂਤ ਕੌਮੀ ਸੰਘਠਨ ਵੀ ਉਸਾਰ ਦਿਤਾ ਸੀ। ਇਸੇ ਸੰਗਠਨ ਨੇ ਹੀ ਨਾਮਧਾਰੀ ਮਤ ਦਾ ਰੂਪ ਧਾਰਨ ਕੀਤਾ। ਜੋ ਉਦੋਂ ਤੋਂ ਲੈ ਕੇ ਹੁਣ ਤਕ ਭਾਰਤ ਦੇ ਕੌਮੀ ਆਦਰਸ਼ਾਂ ਵਿਚ ਵਿਚ ਨਿਤ ਤੇ ਨਿਰੰਤਰ ਵਾਧਾ ਕਰਦਾ ਰਿਹਾ ਹੈ। ਸਤਿਗੁਰੂ ਰਾਮ ਸਿੰਘ ਤੋਂ ਪਿਛੋਂ ਸਤਿਗੁਰੂ ਹਰੀ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਤਕ ਇਹ ਆਤਮਿਕ ਬਲ ਵਿਅਕਤੀਗਤ ਤੇ ਸਮੂਹਕ ਰੂਪ ਵਿਚ ਕੌਮ ਨੂੰ ਮਿਲਦਾ ਆ ਰਿਹਾ ਹੈ। ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ ਕਿ ਗੁਰੂ ਰਾਮ ਸਿੰਘ ਨੇ ਕੌਮੀ ਜੀਵਨ ਦੇ ਅਨੇਕ ਪਖਾਂ ਵਲ ਧਿਆਨ ਦਿਤਾ ਹੈ ਜਿਸ ਵਿਚ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਸੀ ਸਭ ਪਖ ਹੀ ਸਮਲਿਤ ਸਨ। ਇਨ੍ਹਾਂ ਸਭ ਬਾਰੇ ਉਨ੍ਹਾਂ ਨੇ ਇਕ ਵਿਸ਼ੇਸ਼ ਧਾਰਨਾ ਸਥਾਪਿਤ ਕੀਤੀ ਜੋ ਇਕ ਆਦਰਸ਼ਕ ਕੌਮੀ ਨੀਤੀ ਸਿਧ ਹੋਈ ਅਤੇ ਅਜ ਵੀ ਹੋ ਸਕਦੀ ਹੈ।

ਜੇ ਗੁਰੂ ਰਾਮ ਸਿੰਘ ਜਾਂ ਦੂਜੇ ਸ਼ਬਦਾਂ ਵਿਚ ਨਾਮਧਾਰੀ ਮਤ ਵਿਚਾਰ ਧਾਰਾ ਤੇ ਵਿਵਹਾਰਕ ਅਮਲ ਨੂੰ ਲਿਆ ਜਾਵੇ ਤਾਂ ਇਸ ਵਿਚ ਦੋ ਨੁਕਤੇ ਸਪੱਸ਼ਟ ਦਿਖਾਈ ਦੇਂਦੇ ਹਨ। ਇਕ ਹੈ ਸਾਦਗੀ ਦੂਜੀ ਸੁਤੰਤਰਤਾ। ਇਹ ਦੋਵੇਂ ਹੀ ਇਕ ਦੂਜੇ ਤੇ ਅਧਾਰਤ ਹਨ ਜੀਵਨ ਵਿਚ ਸਾਦਗੀ ਨੂੰ ਅਪਨਾਇਆਂ ਮਨੁੱਖ ਬਹੁਤ ਸਾਰੀਆਂ ਗੁੰਝਲਾਂ ਤੇ ਬਖੇੜਿਆਂ ਤੋਂ ਬਚ ਸਕਦਾ ਹੈ। ਅਜ ਦੇ ਭੌਤਿਕ ਵਾਦੀ ਯੁਗ ਵਿਚ ਜਿਥੇ ਪਦਾਰਥਕ ਜੀਵਨ ਕੁੰਝਲਦਾਰ ਤੇ ਮਸ਼ੀਨੀ ਹੋ ਗਿਆ ਹੈ ਉਥੇ ਉਸ ਸਾਦਗੀ ਨੂੰ ਇਕ ਵਹਿਮ ਖਿਆਲ ਕੀਤਾ ਜਾ ਰਿਹਾ ਹੈ ਅਤੇ ਕਈ ਵਾਰ ਤਾਂ ਉਸਦਾ ਮਖੌਲ ਉਡਾਇਆ ਜਾਂਦਾ ਹੈ। ਮਸ਼ੀਨੀ ਸਭਿਅਤਾ ਨੇ ਮਨੁੱਖੀ ਸਮਾਜ ਦਾ ਕੇਂਦਰੀਕਰਨ ਕਰ ਦਿਤਾ ਹੈ ਅਤੇ ਹੁਣ ਮਨੁੱਖ ਇੰਜ ਪ੍ਰਤੀਤ ਕਰਦਾ ਹੈ ਕਿ ਨਾ ਕੇਵਲ ਉਸਨੇ ਆਪਣੀ ਸਾਦਗੀ ਨੂੰ ਹੀ ਨਹੀਂ ਖੋਹਿਆ ਹੈ, ਸਗੋਂ ਉਸਨੇ ਆਪਣੀ ਸੁਤੰਤਰਤਾ ਨੂੰ ਵੀ ਖੋਹ ਲਿਆ ਹੈ। ਅਜ ਮਨੁੱਖ ਪੂਰੀ ਤਰ੍ਹਾਂ ਮਸ਼ੀਨਾਂ ਦੇ ਸ਼ਿਕੰਜੇ ਵਿਚ ਬੱਝਾ ਪਿਆ ਹੈ ਇਥੇ ਤਕ ਕਿ ਕਿਸੇ ਦੇਸ਼ ਦਾ ਅਰਥਚਾਰਾ ਵੀ ਹੁਣ ਸੁਤੰਤਰ ਇਕਾਈ ਨਹੀਂ ਰਹਿ ਸਕਦਾ। ਵਿਸ਼ਵ ਭਰ ਵਿਚ ਸਾਂਝੀਆਂ ਕੌਮੀ ਬਰਾਦਰੀਆਂ ਤੇ ਸੁਰਖਿਆ ਪ੍ਰਬੰਧਾਂ ਦੀ ਚਰਚਾ ਹੈ। ਸ਼ਾਇਦ ਕੁਝ ਸਮਾਂ ਪਾ ਕੇ ਇਸ ਸਦੀ ਦੇ ਵਿਗਿਆਨਕ ਮਨੁੱਖ ਨੂੰ ਭੀ ਇਹ ਸੂਝ ਆ ਜਾਏ ਕਿ ਇਕਾਈ ਵਰਗੀ ਸਾਦਗੀ ਨੂੰ ਬਰਕਰਾਰ ਰੱਖਿਆਂ ਹੀ ਸੁਤੰਤਰਤਾ ਕਾਇਮ ਰਖੀ ਜਾ ਸਕਦੀ ਹੈ। ਕੇਂਦਰੀ ਕਰਨ ਦੇ ਨਾਲ ਨਾਲ ਥੋੜਾ ਵਿਕੇਂਦਰੀਕਰਨ ਵਲ ਤੁਰਨ ਦੀ ਵੀ ਲੋੜ ਹੈ।

ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਉਤਰਅਧਿਕਾਰੀ ਗੁਰੂ ਵਿਅੱਕਤੀਆਂ ਨੇ ਸੁਦੇਸ਼ੀ ਅਰਥਚਾਰੇ ਤੇ ਸੁਤੰਤਰ ਸਮਾਜਕ ਪ੍ਰਬੰਧ ਦੀ ਨੀਂਹ ਧਰੀ ਸੀ। ਦੇਸ਼ ਦੇ ਸ਼ਰੋਮਣੀ ਪਸ਼ੂ ਧਨ ਤੇ ਮਨੁੱਖੀ ਸ਼ਕਤੀ—ਗਊ ਗਰੀਬ ਦੀ ਰੱਖਿਆ ਦਾ ਨਾਅਰਾ ਲਾਇਆ ਸੀ। ਗਊ ਰਾਹੀਂ ਹੀ ਗਰੀਬ ਦੀ ਰੱਖਿਆ ਹੋ ਸਕਦੀ ਹੈ, ਸ਼ਾਇਦ ਇਸਦਾ ਭਾਵ ਦ੍ਰਿੜ ਕਰਵਾਉਣਾ ਸੀ ਕਿ ਭਾਰਤ ਵਰਗੇ ਕ੍ਰਿਸਾਨੀ ਪ੍ਰਧਾਨ ਦੇਸ਼ ਵਿੱਚ ਜਿਥੇ ਅਬਾਦੀ ਵੀ ਅਧਾ ਅਰਬ ਟੱਪ ਚੁੱਕੀ ਹੈ ਆਰਥਿਕ ਪ੍ਰਬੰਧ ਸੁਖੱਲਾ ਨਹੀਂ ਰਹਿ ਸਕੇਗਾ। ਮਸ਼ੀਨਾਂ ਇਸ ਦੇਸ਼ ਦੇ ਗਰੀਬਾਂ ਨੂੰ ਨਿਘਾਰ ਜਾਣਗੀਆਂ। ਉਨ੍ਹਾ ਦੇ ਉਥਾਨ ਦੀ ਥਾਂ ਉਨ੍ਹਾਂ ਦਾ ਪਤਨ ਹੋ ਜਾਵੇਗਾ। ਉਦਯੋਗਿਕ ਖੇਤਰ ਵਿਚ ਗਾਂਧੀ ਜੀ ਨੇ ਚਰਖੇ ਨੂੰ ਪ੍ਰਧਾਨਤਾ ਦਿਤੀ ਸੀ ਜਿਸ ਦਾ ਮਨੋਰਥ ਇਹ ਸੀ ਕਿ ਭਾਰਤ ਵਰਗੇ ਦੇਸ਼ ਵਿਚ ਭਾਰੀ ਸਨਅੱਤ ਦੇ ਵਿਕਾਸ ਨਾਲ ਦੇਸ਼ ਦੇ ਇਸ ਮੂਲ ਕੌਮੀ ਚਿੰਨ੍ਹਾਂ ਗਊ ਅਤੇ ਚਰਖੇ ਦੇ ਵਿਕਾਸ ਅਰਥਾਤ ਕ੍ਰਿਸਾਨੀ ਤੇ ਦਸਤਕਾਰੀ ਦੀ ਰਵਾਇਤੀ ਪ੍ਰਨਾਲੀ ਨੂੰ ਵੀ ਸੁਰਖਿਅਤ ਰੱਖਿਆ ਜਾਵੇ ਮਸ਼ੀਨੀ ਸਭਿਅਤਾ ਵਿਚੋਂ ਮਨੁਖ ਨੂੰ ਪੈਸਾ ਤਾਂ ਮਿਲ ਗਿਆ ਹੈ। ਲੁੜੀਦੀਂ ਆਤਮਿਕ ਸ਼ਾਂਤੀ ਤੇ ਸੰਤੋਖ ਪ੍ਰਾਪਤ ਨਹੀਂ ਹੋ ਸਕਿਆ। ਇਹ ਕੁਝ ਉਸਨੂੰ ਧਾਰਮਕ ਜਾਂ ਸਦਾਚਾਰਕ ਸਾਂਝੀਵਾਲਤਾ ਚੋਂ ਹੀ ਪ੍ਰਾਪਤ ਹੋ ਸਕਦਾ ਹੈ ਜੋ ਕਿ ਨਾਮਧਾਰੀ ਮੱਤ ਦਾ ਵਿਸ਼ੇਸ਼ ਲਖਸ਼ ਹੈ।



Namdhari Elibrary NamdhariElibrary@gmail.com



ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ 18 ਜਨਵਰੀ ਤੋਂ ਸਾਡੇ ਨਾਲੋਂ ਸਦਾ ਲਈ ਵਿਛੜ ਗਏ ਹਨ ।

ਆਪ ਪੰਜਾਬ ਦੇ ਹਰਮਨ ਪਿਆਰੇ ਤੇ ਪ੍ਰਭਾਵੀ ਸਾਹਿਤਕਾਰ, ਰਾਜ ਨੇਤਾ ਅਤੇ ਸੁਤੰਤਰਤਾ ਸੰਗਰਾਮੀਏ ਸਨ । ਅਪਣੀ ਲਗਣ ਮੇਹਨਤ ਤੇ ਦੇਸ ਪ੍ਰੇਮ ਸਦਕਾ ਉਹ 1930 ਤੋਂ ਹੀ ਦੇਸ਼ ਦੀ ਰਾਜਨੀਤੀ ਵਿਚ ਉਚੇ ਮਰਤਬਿਆਂ ਤੇ ਰਹੇ । ਉਹ ਲਗਾਤਾਰ ਆਲ ਇੰਡੀਆ ਕਾਂਗਰਸ ਦੇ ਮੈਂਬਰ ਰਹੇ । ਉਹਨਾਂ ਵਿਧਾਨ ਸਭਾ, ਲੋਕ ਸਭਾ ਅਤੇ ਹੁਣ ਅੰਤ ਵੇਲੇ ਤਕ ਰਾਜ ਸਭਾ ਦੀ ਮੈਂਬਰੀ ਕੀਤੀ । ਦੋ ਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਹੇ, ਪੰਜਾਬ ਦੇ ਮੁਖ ਮੰਤਰੀ ਦੀ ਪਦਵੀ ਤੇ ਵੀ ਸੁਸ਼ੋਭਤ ਰਹੇ ਅਤੇ ਵਿਧਾਨ ਸਾਜ਼ ਅਸੈਂਬਲੀ ਦੇ ਵੀ ਮੈਂਬਰ ਰਹੇ ਸਨ ।

ਸਾਹਿਤ ਦੇ ਖੇਤਰ ਵਿਚ ਉਚ ਪਾਏ ਦੇ ਕਵੀ, ਕਹਾਣੀਕਾਰ ਅਤੇ ਨਿਬੰਧਕਾਰ ਸਨ । ਪੰਜਾਬੀ ਸਾਹਿਤ ਨੂੰ ਉਹਨਾਂ ਦੀ ਮਹਾਨ ਦੇਣ ਹੈ । ਉਹ ਸੰਸਾਰ ਅਮਨ ਲਹਿਰ ਅਤੇ ਸੰਸਾਰ ਪ੍ਰਗਤੀਸ਼ੀਲ ਲਿਖਾਰੀ ਕਾਨਫਰੰਸ ਨਾਲ ਵੀ ਸਬੰਧਤ ਸਨ । ਉਹਨਾਂ ਦੇ ਚਲਾਣੇ ਨਾਲ ਪੰਜਾਬ ਨੂੰ ਬਹੁਤ ਵਡਾ ਘਾਟਾ ਪਿਆ ਹੈ ।

ਮੁਸਾਫਰ ਜੀ ਦੇ ਨਿਧਨ ਉਤੇ ਅਦਾਰਾ ਵਰਿਆਮ ਉਹਨਾਂ ਦੇ ਘਾਲਣਾ ਭਰੇ ਜੀਵਨ ਨੂੰ ਯਾਦ ਕਰਦਿਆਂ ਹੋਇਆਂ ਉਹਨਾਂ ਦੀ ਇਕ ਉਚੀ ਕ੍ਰਿਤ, ਇਹ ਕਹਾਨੀ 'ਬਾਗੀ ਦੀ ਧੀ' ਸ਼ਰਧਾਂਜਲੀ ਵਜੋਂ ਪੇਸ਼ ਕਰ ਰਿਹਾ ਹੈ ।

ਇਸ ਕਹਾਣੀ ਵਿਚ ਗਿਆਨੀ ਗੁਰਮੁੱਖ ਸਿੰਘ ਜੀ ਮੁਸਾਫਰ ਦਾ ਆਪਣਾ ਜੀਵਨ-ਅਨੁਭਵ ਹੈ ਜੋ ਉਨ੍ਹਾਂ ਨੇ ਉਨ੍ਹਾਂ-ਇੱਕੀ ਦੇ ਫਰਕ ਨਾਲ ਚਿਤਰਿਆ ਹੈ । ਉਨ੍ਹਾਂ ਦੀ ਸੱਚੀ ਦੇਸ਼ ਭਗਤੀ ਅਤੇ ਸੰਗਰਾਮੀਏ ਜੀਵਨ ਦਾ ਝਲਕਾਰਾ ਇਸ ਕਹਾਣੀ ਵਿਚ ਪ੍ਰਤੱਖ ਰੂਪਮਾਨ ਹੁੰਦਾ ਹੈ ।

—ਸੰਪਾਦਕ

# ਬਾਗ਼ੀ ਦੀ ਧੀ

ਕਿਸ਼ਨ ਸਿੰਘ ਨੇ ਪੁਲਸ ਨੂੰ ਵੇਖਦਿਆਂ ਹੀ ਝਟ ਆਖ ਤੇ ਦਿੱਤਾ, "ਲੋ ਖ਼ਾਲਸਾ ਤਿਆਰ ਬਰ ਤਿਆਰ ਹੈ" ਪਰ ਉਸ ਦਾ ਚੇਹਰਾ ਉਸ ਦੇ ਦਿਲ ਦੇ ਤੌਖਲੇ ਨੂੰ ਨਾ ਲੁਕਾ ਸਕਿਆ ।

"ਜੇ ਦੇਰ ਹੋ ਗਈ ਤਾਂ ਰਾਤ ਤੁਹਾਨੂੰ ਥਾਣੇ ਦੀ ਹਵਾਲਾਤ ਵਿਚ ਕਟਣੀ ਪਵੇਗੀ । ਜੇਹਲ ਤੇ ਥਾਣੇ ਦੀ ਹਵਾਲਾਤ ਦੇ ਫਰਕ ਤੋਂ ਤੁਸੀਂ ਜਾਣੂ ਹੀ ਹੋ ।" ਪੁਲਸ ਇੰਸਪੈਕਟਰ ਦੀ ਇਹ ਗੱਲ ਸੁਣ ਕੇ ਕਿਸ਼ਨ ਸਿੰਘ ਨੇ ਕਿਹਾ—"ਮੇਰੇ ਲਈ ਇਕੋ ਗੱਲ ਹੈ । ਥਾਣਿਆਂ ਦੀਆਂ ਹਵਾਲਾਤਾਂ ਵਿਚ ਵੀ ਬਥੇਰੀਆਂ ਪਸਲੀਆਂ ਘਸਾਈਆਂ ਹਨ ।"

"ਨਹੀਂ ਨਹੀਂ ਮੇਰਾ ਮਤਲਬ... ... ..." ਪੁਲਸ ਇੰਸਪੈਕਟਰ ਨੇ ਵਿਚੋਂ ਹੀ ਕਿਹਾ ।

"ਤੁਹਾਡਾ ਮਤਲਬ ਛੇਤੀ ਤੋਂ ਹੈ ਨਾ ? ਚਲੋ ਮੇਰੇ ਵਲੋਂ ਕੋਈ



Namdhari Elibrary NamdhariElibrary@gmail.com

ਢਿੱਲ ਨਹੀਂ।" ਜ਼ਬਾਨ ਨਾਲ ਤਾਂ ਕਿਸ਼ਨ ਸਿੰਘ ਨੇ ਇਹ ਗੱਲਾਂ ਕੀਤੀਆਂ, ਪਰ ਉਸਦਾ ਮਨ ਕਿਸੇ ਹੋਰ ਪਾਸੇ ਹੈ। ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਉਸ ਦੀ ਕੋਈ ਚੀਜ਼ ਗੁਆਚ ਗਈ ਹੈ। ਜੇਹਲ ਜਾਣ ਤੋਂ ਪਹਿਲਾਂ ਉਹ ਵਧੀਕ ਤਸੱਲੀ ਨਾਲ ਇਸ ਸਫ਼ਰ ਵਿਚ ਪੈ ਸਕਦਾ ਹੈ।

"ਸਰਨ", ਕਿਸ਼ਨ ਸਿੰਘ ਦੀ ਆਵਾਜ਼ ਸੁਣ ਕੇ ਉਸ ਦੀ ਭੈਣ ਵੀਰਾਂ ਵਾਲੀ ਨੇ ਅੰਦਰੋਂ ਕਿਹਾ, "ਭਰਾ ਜੀ ਭਰਜਾਈ ਤਾਂ ਮੀਟਿੰਗ ਵਿਚ ਗਈ ਹੋਈ ਹੈ।"

ਇੰਸਪੈਕਟਰ ਦੇ ਕੰਨ ਖੜੇ ਹੋ ਗਏ। ਕਿਸ਼ਨ ਸਿੰਘ ਨੇ ਕਿਹਾ "ਵੀਰਾ! ਲਾਜ ਦੇ ਬੁਖ਼ਾਰ ਵਾਲਾ ਕਾਗ਼ਜ਼ ਚੁਕ ਲਿਆ।" ਵੀਰਾਂ ਵਾਲੀ ਨੇ ਕਾਗਜ਼ (ਚਾਰਟ) ਕਿਸ਼ਨ ਸਿੰਘ ਦੇ ਹੱਥ ਵਿਚ ਫੜਾਂਦਿਆਂ ਕਿਹਾ, "ਭਰਜਾਈ ਜਾਣ ਲਗੀ ਆਖਦੀ ਸੀ ਕਿ ਇਸ ਵੇਲੇ, ੧੦੨ ਹੈ, ਜੇ ਵਧ ਜਾਏ ਤਾਂ ਬਰਫ਼ ਦੀ ਪੱਟੀ ਰਖਣੀ।" ਕਿਸ਼ਨ ਸਿੰਘ ਪਹਿਲੀ ਵਾਰ ਜੇਹਲ ਨਹੀਂ ਜਾਣ ਲਗਾ। ਇੰਸਪੈਕਟਰ ਇਸ ਦੀ ਦ੍ਰਿੜਤਾ ਤੋਂ ਵੀ ਅਨਜਾਣ ਨਹੀਂ। ਇੰਸਪੈਕਟਰ ਨੂੰ ਕਿਸ਼ਨ ਸਿੰਘ ਦੀ ਥੋਹੜੀ ਜਿਹੀ ਪਰੇਸ਼ਾਨੀ ਦੇ ਕਾਰਨ ਦਾ ਵੀ ਹੁਣ ਪਤਾ ਲਗ ਗਿਆ ਹੈ। ਮੀਟਿੰਗ ਦਾ ਲਫ਼ਜ ਇੰਸਪੈਕਟਰ ਦੇ ਕੰਨਾਂ ਵਿਚ ਕੱਚ ਦੇ ਟੁਕੜੇ ਵਾਂਗ ਰੜਕਿਆ। ਸਾਈਕਲ ਤੇ ਲਤ ਧਰਦਿਆਂ ਉਸ ਦੇ ਨਾਲ ਦੇ ਸਿਪਾਹੀਆਂ ਨੂੰ ਅੱਖ ਨਾਲ ਕੁਝ ਸਮਝਾਇਆ ਤੇ ਮੂੰਹ ਨਾਲ ਕਿਹਾ, "ਸਰਦਾਰ ਜੀ, ਬੇਸ਼ਕ ਆਰਾਮ ਨਾਲ ਤਿਆਰੀ ਕਰ ਲਵੋ, ਮੈਂ ਆਉਂਦਾ ਹਾਂ।"

ਇੰਸਪੈਕਟਰ ਸੜਕੋਂ ਪਾਰ ਸਾਹਮਣੇ ਕਾਰਖ਼ਾਨੇ ਦੇ ਵੱਡੇ ਦਰਵਾਜ਼ਿਉਂ ਅੰਦਰ ਵੜ ਗਿਆ। ਬੈਠੇ ਸਿਪਾਹੀਆਂ ਵਿਚੋਂ ਇਕ ਨੇ ਕਿਹਾ, "ਇੰਸਪੈਕਟਰ ਸਾਹਿਬ ਸ਼ਾਇਦ ਕਿਧਰੇ ਟੈਲੀਫ਼ੂਨ ਕਰਨ ਗਏ ਹਨ।"

ਵੀਰਾਂ ਵਾਲੀ ਦੀਆਂ ਅੱਖਾਂ ਦੇ ਸੋਮੇ ਫੁਟਣ ਵਾਲੇ ਹੀ ਸਨ। ਕਿਸ਼ਨ ਸਿੰਘ ਦੀ ਕੁਝ ਘੂਰੀ ਭਰੀ ਸੈਨਤ ਨੂੰ ਪਛਾਣ ਕੇ ਉਹ ਲਾਜ ਦੇ ਮੰਜੇ ਦੇ ਪਿਛਲੇ ਪਾਸੇ ਪਈ ਚੌਂਕੀ ਤੇ ਬੈਠ ਗਈ। ਕਿਸ਼ਨ ਸਿੰਘ ਨੇ ਆਪਣੀਆਂ ਉਂਗਲਾਂ ਨਾਲ ਲਾਜ ਦੇ ਕੇਸਾਂ ਨੂੰ ਸੁਆਰਦਿਆਂ ਕਿਹਾ, "ਪੁਤਰ! ਹੁਣ ਤੇ ਤੂੰ ਠੀਕ ਹੈਂ, ਅਜ ਤੇ ਬੁਖ਼ਾਰ ਘਟ ਹੈ, ਕਲ ਖ਼ਬਰੇ ਟੁਟ ਹੀ ਜਾਵੇ। ਜੇ ਤੈਨੂੰ ਬੁਖ਼ਾਰ ਨਾ ਹੁੰਦਾ ਤਾਂ ਮੈਂ ਹੁਣ ਤਕ ਜੇਹਲ ਚਲਾ ਜਾਣਾ ਸੀ। ਸਾਥੀ ਤੇ ਸਾਰੇ ਚਲੇ ਹੀ ਗਏ ਹਨ।"

ਲਾਡਲੀ ਲਾਜ ਨੇ ਮੱਧਮ ਜੇਹੀ ਆਵਾਜ਼ ਵਿਚ ਕਿਹਾ, "ਪਿਤਾ ਜੀ, ਮੈਂ ਫਿਰ ਮਾੜੀ ਕੁੜੀ ਹੋਈ, ਜਿਸ ਨੇ ਤੁਹਾਡੇ ਚੰਗੇ ਕੰਮ ਵਿਚ ਰੋਕ ਪਾਈ ਹੈ।"

"ਨਹੀਂ ਨਹੀਂ ਮੇਰੀ ਲਾਜ ਬੇਟੀ, ਤੇਰਾ ਇਸ ਵਿਚ ਕੀ ਕਸੂਰ ਹੈ। ਬੁਖ਼ਾਰ ਕੋਈ ਤੇਰੇ ਵਸ ਦੀ ਗੱਲ ਤਾਂ ਨਹੀਂ ਨਾ। ਤੈਨੂੰ ਇਸ ਤਰ੍ਹਾਂ ਛਡ ਕੇ ਜਾਣ ਦਾ ਤੇ ਮੇਰਾ ਪਹਿਲਾਂ ਹਠ ਹੀ ਨਹੀਂ ਪਿਆ। ਜਿਸ ਦਿਨ ਬੰਬਈ ਸਾਡੇ ਆਗੂ ਫੜੇ ਗਏ ਸਨ, ਉਸ ਦਿਨ ਮੈਂ ਉਨ੍ਹਾਂ ਨੂੰ ਵਧਾਈ ਦੇਣ ਵਾਲੇ ਮਤੇ ਤੇ ਪੰਜ ਮਿੰਟ ਬੋਲਿਆ ਸਾਂ, ਫਿਰ ਮੈਂ ਤੇਰੇ ਦਵਾਈ ਦਾਰੂ ਵਿਚ ਹੀ ਲਗਾ ਰਿਹਾ। ਕਿਤੇ ਬਾਹਰ ਜਾਣ ਦਾ ਸਮਾਂ ਹੀ ਨਹੀਂ ਮਿਲਿਆ। ਉਂਜ ਵੀ ਪਹਿਲਾਂ ਲੀਡਰਾਂ ਨੂੰ ਫੜਨਗੇ, ਅਸਾਂ ਸੇਵਾਦਾਰਾਂ ਦੀ ਵਾਰੀ ਪਿਛੋਂ ਹੀ ਆਉਣੀ ਹੈ। ਪਰ ਸਾਨੂੰ ਉਜ਼ਰ ਵੀ ਕੀ ਹੈ? ਭਾਵੇਂ ਹੁਣ ਫੜ ਲੈਣ।" ਕਿਸ਼ਨ ਸਿੰਘ ਦੇ ਮੂੰਹੋਂ ਇਹ ਅਖੀਰਲਾ ਫ਼ਿਕਰਾ ਅਜੇ ਨਿਕਲਿਆ ਹੀ ਸੀ ਕਿ ਲਾਜ ਨੇ ਨਾਲ ਹੀ ਆਖ ਦਿੱਤਾ, "ਬੇਸ਼ਕ ਫੜ ਲੈਣ।"

ਕਿਸ਼ਨ ਸਿੰਘ ਆਪਣੀ ਇਕਲੌਤੀ ਲਾਡਲੀ ਨਾਲ ਜਿਉਂ ਜਿਉਂ ਗੱਲਾਂ ਕਰਦਾ ਗਿਆ, ਉਸਦਾ ਮਨ ਹੋਲਾ ਹੁੰਦਾ ਗਿਆ। ਹੁਣ ਉਹ ਬੇ-ਸਬਰੀ ਨਾਲ ਆਪਣੀ ਘਰ ਵਾਲੀ ਸਰਨ ਕੌਰ ਨੂੰ ਉਡੀਕ ਰਿਹਾ ਹੈ। ਬਰਾਂਡੇ ਵਲ ਵੇਖ ਕੇ ਉਹ ਤਸੱਲੀ ਕਰ ਲੈਂਦਾ ਹੈ ਕਿ ਇੰਸਪੈਕਟਰ ਵੀ ਅਜੇ ਨਹੀਂ ਪਰਤਿਆ।

ਪਾਸ ਬੈਠੀ ਵੀਰਾਂ ਵਾਲੀ ਪਹਿਲਾਂ ਤਾਂ ਗਲੇਡੂ ਭਰ ਆਣ ਦੇ ਡਰ ਤੋਂ ਨਹੀਂ ਸੀ ਬੋਲਦੀ ਪਰ ਹੁਣ ਉਸ ਨੂੰ ਵੀ ਕੁਝ ਹੌਸਲਾ ਜਿਹਾ ਹੋ ਗਿਆ। ਉਸ ਨੇ ਕਿਹਾ, "ਲਾਜ, ਜੇ ਤੇਰੇ ਪਿਤਾ ਜੀ ਫੜੇ ਗਏ ਤਾਂ ਤੇਰੀ ਦਵਾਈ ਕੌਣ ਕਰੇਗਾ? ਤੂੰ ਉਦਾਸ ਨਾ ਹੋ ਜਾਵੇਂਗੀ?"

"ਭੂਆ ਜੀ ਦਵਾਈ ਦਾਰੂ ਲਈ ਤੁਸੀਂ ਜੂ ਮੇਰੇ ਪਾਸ ਹੋ, ਮਾਤਾ ਜੀ ਜੂ ਹਨ। ਬਾਕੀ ਰਹੀ ਉਦਾਸੀ ਦੀ ਗੱਲ, ਮੈਂ ਤੇ ਰਾਜ਼ੀ ਹੋ ਕੇ ਆਪ ਇਸ ਵੇਰਾਂ ਪਿਤਾ ਜੀ ਪਾਸ ਜੇਹਲ ਵਿਚ ਚਲੀ ਜਾਵਾਂਗੀ।" ਲਾਜ ਦੀ ਗੱਲ ਸੁਣ ਕੇ ਵੀਰਾਂ ਵਾਲੀ ਦਾ ਬੇ-ਇਖ਼ਤਿਆਰ ਹਾਸਾ ਨਿਕਲ ਗਿਆ।

ਲਾਜ ਨੇ ਕਿਹਾ, "ਨਹੀਂ ਭੂਆ ਜੀ ਹਾਸੇ ਦੀ ਗੱਲ ਨਹੀਂ। ਆਪਣੇ ਮੁਲਕ ਵਾਸਤੇ ਜੇਹਲ ਜਾਣਾ ਕੋਈ ਮਾੜੀ ਗੱਲ ਤੇ ਨਹੀਂ, ਮੈਂ ਇਸ ਵੇਰਾਂ ਜ਼ਰੂਰ ਜਾਣਾ ਹੈ।"



Namdhari Elibrary NamdhariElibrary@gmail.com

"ਲਾਜ ਤੂੰ ਤੇ ਅਜੇ ਬਾਰਾਂ ਸਾਲਾਂ ਦੀ ਵੀ ਨਹੀਂ ਹੋਈ", ਭੂਆ ਦੀ ਗੱਲ ਸੁਣ ਕੇ ਲਾਜ ਨੇ ਕਿਹਾ, "ਪਿਤਾ ਜੀ, ਸੁਣੋ ਭੂਆ ਜੀ ਦੀ ਗੱਲ। ਮਲੂਮ ਹੁੰਦਾ ਹੈ ਕਿ ਭੂਆ ਜੀ ਕਦੇ ਗੁਰਦਵਾਰੇ ਨਹੀਂ ਗਏ, ਇਨ੍ਹਾਂ ਕਦੇ ਕਥਾ ਨਹੀਂ ਸੁਣੀ। ਪਿਤਾ ਜੀ, ਭੂਆ ਜੀ ਨੂੰ ਦਸਣਾ, ਸਾਹਿਬਜ਼ਾਦਿਆਂ ਦੀ ਉਮਰ ਕਿਤਨੀ ਸੀ, ਉਹ ਤੇ ਇਸ ਉਮਰ ਵਿਚ ਸ਼ਹੀਦ ਵੀ ਹੋ ਗਏ ਸਨ। ਮੈਂ ਜੇਲ ਨਹੀਂ ਜਾ ਸਕਦੀ ?" ਵੀਰਾਂ ਵਾਲੀ ਦੀ ਤਾਂ ਗੱਲ ਹੀ ਕੀ, ਹੁਣ ਤੇ ਕਿਸ਼ਨ ਸਿੰਘ ਦੀਆਂ ਅੱਖਾਂ ਵੀ ਬੇਕਾਬੂ ਹੋ ਗਈਆਂ। ਇਹ ਤਸੱਲੀ ਭਰੀ ਖੁਸ਼ੀ ਦੇ ਅਥਰੂ ਸਨ।

ਕਿਸ਼ਨ ਸਿੰਘ ਨੇ ਲਾਜ ਦੇ ਸਰਾਹਣਿਉਂ ਚਾਬੀਆਂ ਚੁਕੀਆਂ। ਸਾਮਾਨ ਵਾਲੇ ਕਮਰੇ ਵਿਚ ਹੀ ਉਸ ਨੇ ਕਪੜੇ ਬਦਲੇ ਤੇ ਮੁੜ ਲਾਜ ਪਾਸ ਆ ਗਿਆ। ਲਾਜ ਦੇ ਇਸ ਸੁਆਲ ਨੇ ਕਿ "ਪਿਤਾ ਜੀ, ਇਸ ਵੇਲੇ ਕਪੜੇ ਕਿਉਂ ਬਦਲੇ ਨੇ ? ਕਿਧਰ ਚਲੇ ਹੋ ?' ਕਿਸ਼ਨ ਸਿੰਘ ਦਾ ਬਹੁਤ ਸਾਰਾ ਕੰਮ ਸੌਖਾ ਕਰ ਦਿੱਤਾ। ਕਿਸ਼ਨ ਸਿੰਘ ਨੂੰ ਹੁਣ ਇਹੋ ਸੋਚ ਸੀ ਕਿ ਆਪਣੇ ਹੁਣੇ ਗ੍ਰਿਫ਼ਤਾਰ ਹੋ ਜਾਣ ਦੀ ਖ਼ਬਰ ਬੀਮਾਰ ਲਾਜ ਨੂੰ ਕਿਹੜਿਆਂ ਲਫਜ਼ਾਂ ਵਿਚ ਦਸੇ। ਵੀਰਾਂ ਵਾਲੀ ਦੀ ਉਚੇਚੀ ਬੇਚੈਨੀ ਨੇ ਵੀ ਬਹੁਤ ਕੁਝ ਪ੍ਰਗਟ ਕਰ ਦਿੱਤਾ। ਕਿਸ਼ਨ ਸਿੰਘ ਨੇ ਸ਼ਬਦਾਰਥ ਦੀਆਂ ਪੋਥੀਆਂ ਤੇ ਨਿਤਨੇਮ ਦਾ ਗੁਟਕਾ ਲਾਜ ਦੇ ਕਮਰੇ ਵਿਚ ਹੀ ਅਲਮਾਰੀ 'ਚੋਂ ਕਢ ਕੇ ਆਪਣੇ ਨਿਕੇ ਜਿਹੇ ਬਕਸੇ ਵਿਚ ਪਾਇਆ। ਬਰਾਂਡੇ ਵਿਚ ਬੂਟਾਂ ਦਾ ਖੜਕਾਰ ਹੋਇਆ। ਕਿਸ਼ਨ ਸਿੰਘ ਨੇ ਤਾਪ ਨਾਲ ਭਖ ਰਹੇ ਲਾਜ ਦੇ ਮਥੇ ਨੂੰ ਚੁੰਮਿਆ, 'ਮੇਰੀ ਲਾਜ' ਦਾ ਭਾਵ ਪੂਰਤ ਸ਼ਬਦ ਉਸ ਦੇ ਮੂੰਹ ਚੋਂ ਨਿਕਲਿਆ। ਉਸ ਦੀਆਂ ਅੱਖਾਂ ਵਿਚ ਜੰਮੇ ਹੋਏ ਮੋਤੀ ਇਕ ਵੇਰ ਫਿਰ ਪਿਘਲ ਪਏ। ਅੰਜਾਣੀ ਲਾਜ ਨੇ ਬੜੀ ਸਿਆਣਪ ਭਰੀ ਆਵਜ਼ ਵਿਚ ਕਿਹਾ, "ਪਿਤਾ ਜੀ ਮੇਰਾ ਫਿਕਰ ਨਾ ਕਰੋ।" ਘਰ ਦੇ ਗਲੀ ਵਾਲੇ ਦਰਵਾਜ਼ਿਉਂ ਇਕ ਨੌਜਵਾਨ ਅੰਦਰ ਵੜਿਆ। ਪੁਲਸ ਦੀ ਅੱਖ ਬਚਾ ਕੇ ਉਸ ਨੇ ਕਿਸ਼ਨ ਸਿੰਘ ਦੇ ਕੰਨ ਵਿਚ ਕੋਈ ਗੱਲ ਕੀਤੀ। ਨੌਜਵਾਨ ਵਾਪਸ ਚਲਾ ਗਿਆ। ਕਿਸ਼ਨ ਸਿੰਘ ਦੇ ਚੇਹਰੇ ਤੇ ਫਿਰ ਡੂੰਘੀ ਗੰਭੀਰਤਾ ਆ ਗਈ। ਇਸੇ ਹਾਲਤ ਵਿਚ ਲਾਜ ਸੰਬੰਧੀ ਵੀਰਾਂ ਵਾਲੀ ਨੂੰ ਕੁਝ ਗੱਲਾਂ ਸਮਝਾ ਕੇ ਉਹ ਪੁਲਸ ਨਾਲ ਟਾਂਗੇ ਵਿਚ ਬੈਠ ਗਿਆ।

੨.

ਸ਼ਹਿਰ ਦੀ ਕੁਤਵਾਲੀ ਵਿਚ ਟੈਲੀਫ਼ੂਨ ਦੀ ਘੰਟੀ ਖੜਕਣ ਦੇ ਨਾਲ ਹੀ ਗਾਰਦ ਨੂੰ ਤਿਆਰ ਹੋਣ ਦਾ ਹੁਕਮ ਤਾਂ ਹੋ ਗਿਆ ਪਰ ਤੁਰਨ ਦਾ ਆਰਡਰ ਇਕ ਘੰਟੇ ਦੀ ਉਡੀਕ ਪਿਛੋਂ ਮਿਲਿਆ। ਛੋਟੇ ਬਜ਼ਾਰ ਦੇ ਨਾਲ ਲਗਦੀ ਪੁਰਾਣੀ ਹਵੇਲੀ ਨੂੰ ਪੁਲਸ ਦੇ ਘੇਰਾ ਪਾਣ ਦੀ ਢਿਲ ਸੀ ਕਿ ਹਵੇਲੀ ਦੀ ਖਬੀ ਨੁਕਰ ਵਾਲੇ ਕਮਰੇ ਦੀ ਗਲੀ ਵਲ ਖੁਲ੍ਹਣ ਵਾਲੇ ਦਰਵਾਜ਼ੇ ਵਿਚੋਂ ਇਕ ਖਦਰ ਪੋਸ਼ ਬੀਬੀ ਦੌੜ ਕੇ ਬਾਹਰ ਨਿਕਲੀ। ਇਸ ਦੇ ਹੱਥ ਵਿਚ ਇਕ ਕੌਮੀ ਝੰਡਾ ਤੇ ਗਾਤਰੇ ਦੀ ਕਿਰਪਾਨ ਹੈ। ਤੁਰਤ ਹੀ ਇਸ ਦੇ ਪਿੱਛੇ ਕੌਮੀ ਨਾਹਰੇ ਲਾਂਦੀਆਂ ਖੱਦਰ ਦੀਆਂ ਸਾੜ੍ਹੀਆਂ ਵਾਲੀਆਂ ਹੋਰ ਵੀ ਬਹੁਤ ਸਾਰੀਆਂ ਬੀਬੀਆਂ ਨਿਕਲ ਆਈਆਂ। ਗਲੀ ਵਾਲੇ ਦਰਵਾਜ਼ੇ ਅਗੇ ਖੜਾ ਸਿਪਾਹੀ ਵੇਖਦਾ ਹੀ ਰਹਿ ਗਿਆ ਤੇ ਇਹ ਬੀਬੀਆਂ ਬਜ਼ਾਰ ਵਿਚ ਪੁਜ ਗਈਆਂ। "ਭਾਰਤ ਮਾਤਾ ਦੀ ਜੈ" ਦੇ ਨਾਹਰਿਆਂ ਨਾਲ ਅਸਮਾਨ ਗੂੰਜਣ ਲਗਾ। ਥੋੜੇ ਚਿਰ ਵਿਚ ਹੀ ਇਤਨੀ ਭੀੜ ਹੋ ਗਈ ਕਿ ਛੋਟੇ ਬਾਜ਼ਾਰ ਦਾ ਰਸਤਾ ਬੰਦ ਹੋ ਗਿਆ। ਕੌਮੀ ਝੰਡੇ ਵਾਲੀ ਬੀਬੀ ਨੇ ਝੰਡਾ ਉੱਚਾ ਕਰ ਕੇ ਕਿਹਾ, "ਕੌਮੀ ਝੰਡਾ।" ਜੁਆਬ ਵਿਚ ਲੋਕਾਂ ਨੇ ਕਿਹਾ, "ਸਦਾ ਉਚਾ ਰਹੇ!" ਇਕ ਪੁਲਸੀਏ ਨੇ ਅਗੇ ਵਧ ਕੇ ਝੰਡਾ ਖੋਹਣ ਦੀ ਕੋਸ਼ਿਸ਼ ਕੀਤੀ। ਝੰਡੇ ਵਾਲੀ ਬੀਬੀ ਅਗੇ ਵਧਦੀ ਜਾ ਰਹੀ ਸੀ। ਪੁਲਸ ਵਾਲੇ ਦਾ ਹੱਥ ਗਾਤਰੇ ਦੀ ਕਿਰਪਾਨ ਤੇ ਜਾ ਪਿਆ। ਖਿਚਾ ਖਿਚੀ ਵਿਚ ਮਿਆਨ ਉਤਰ ਗਈ ਤੇ ਪੁਲਸੀਏ ਦੇ ਝਰੀਟ ਆ ਗਈ। ਥੋੜਾ ਖ਼ੂਨ ਵੀ ਨਿਕਲ ਆਇਆ। ਪੁਲਸ ਨੇ ਘਬਰਾ ਕੇ ਲਾਠੀ ਚਾਰਜ ਸ਼ੁਰੂ ਕਰ ਦਿੱਤਾ। ਬਹੁਤ ਸਾਰੀ ਭੀੜ ਖਿੰਡ ਗਈ। ਝੰਡੇ ਵਾਲੀ ਬੀਬੀ ਨੇ ਕੌਮੀ ਝੰਡੇ ਨੂੰ ਦੋਹਾਂ ਹੱਥਾਂ ਵਿਚ ਘੁਟ ਕੇ ਫੜ ਲਿਆ ਤੇ ਇਕ ਦੁਕਾਨ ਦੇ ਸਾਹਮਣੇ ਫਟੇ ਤੇ ਧਰਨਾ ਮਾਰਕੇ ਬਹਿ ਗਈ। ਬਾਕੀ ਦੀਆਂ ਬੀਬੀਆਂ ਵੀ ਜ਼ਮੀਨ ਤੇ ਬੈਠ ਗਈਆਂ। ਬਹੁਤ ਸਾਰੀ ਭੀੜ ਦੇ ਖਿਡ ਪੁੰਡ ਜਾਣ ਪੁਰ ਪੁਲਸ ਗਾਰਦ ਦੇ ਇਨਚਾਰਜ ਨੇ ਪਹਿਲਾਂ ਬੜੇ ਰੋਹਬ ਨਾਲ, ਫਿਰ ਨਰਮੀ ਨਾਲ ਝੰਡੇ ਵਾਲੀ ਬੀਬੀ ਤੋਂ ਝੰਡਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਬੀਬੀ ਦੇ ਡੂੰਘੇ ਵਿਸ਼ਵਾਸ਼ ਸਾਹਮਣੇ ਕੋਈ ਪੇਸ਼ ਨਾ ਗਈ। ਬੀਬੀ ਨੇ ਕਿਹਾ, "ਇਹ ਝੰਡਾ ਜਾਨ ਦੇ ਨਾਲ ਹੀ ਜਾਵੇਗਾ।" ਅਖ਼ੀਰ ਤੇ ਬੀਬੀਆਂ ਦੇ ਸਾਰੇ ਜੱਥੇ ਨੂੰ ਗ੍ਰਿਫ਼ਤਾਰ ਕਰ ਲੈ



Namdhari Elibrary NamdhariElibrary@gmail.com

ਟਾਂਗਿਆਂ ਵਿਚ ਬਿਠਾ ਲਿਆ। ਜੇਹਲ ਦੇ ਦਰਵਾਜ਼ੇ ਅਗੇ ਜਾ ਫਿਰ ਝੰਡੇ ਦਾ ਝਗੜਾ ਛਿੜ ਗਿਆ। ਬੀਬੀਆਂ ਕਹਿੰਦੀਆਂ ਸਨ ਕਿ ਅਸੀਂ ਜੇਹਲ ਦੀ ਬੈਰਕ ਤੇ ਕੌਮੀ ਝੰਡਾ ਲਾਣ ਲਈ ਅੰਦਰ ਨਾਲ ਲੈ ਜਾਵਾਂਗੀਆਂ। ਇਹ ਹੋ ਹੀ ਰਿਹਾ ਸੀ ਕਿ ਕਿਸ਼ਨ ਸਿੰਘ ਨੂੰ ਵੀ ਪੁਲਸ ਲੈ ਕੇ ਜੇਹਲ ਦੇ ਦਰਵਾਜ਼ੇ ਅਗੇ ਪੁਜ ਗਈ। ਬੀਬੀਆਂ ਦੇ ਜੱਥੇ ਅੰਦਰ ਝੰਡਾ ਹਥ ਵਿਚ ਫੜੀ ਬੈਠੀ ਆਪਣੀ ਸੁਪਤਨੀ ਸਰਨ ਕੌਰ ਨੂੰ ਵੇਖ ਕੇ ਕਿਸ਼ਨ ਸਿੰਘ ਨੂੰ ਕੋਈ ਹੈਰਾਨੀ ਨਾ ਹੋਈ। ਇਉਂ ਜਾਪਦਾ ਹੈ ਕਿ ਕਿਸ਼ਨ ਸਿੰਘ ਨੂੰ ਇਸ ਘਟਨਾ ਦਾ ਪਹਿਲਾਂ ਹੀ ਪਤਾ ਲਗ ਚੁਕਾ ਹੈ। ਕਿਸ਼ਨ ਸਿੰਘ ਨੇ ਬੀਬੀਆਂ ਨੂੰ ਸਮਝਾਇਆ, "ਤੁਸੀਂ ਝੰਡੇ ਸਬੰਧੀ ਆਪਣਾ ਕਾਫੀ ਵਿਸ਼ਵਾਸ਼ ਪ੍ਰਗਟ ਕਰ ਦਿੱਤਾ ਹੈ, ਖੁਲ੍ਹ ਦੀ ਹਾਲਤ ਵਿਚ ਤੁਸੀਂ ਇਸ ਦੀ ਬੇ-ਅਦਬੀ ਨਹੀਂ ਹੋਣ ਦਿਤੀ। ਹੁਣ ਤੁਸੀਂ ਕੈਦੀ ਹੋ, ਜੇ ਇਕ ਵਾਰ ਤੁਸੀਂ ਬੈਰਕ ਤੇ ਝੰਡਾ ਲਾ ਵੀ ਲਿਆ ਤਾਂ ਜੇਹਲ ਕਰਮਚਾਰੀ ਤੁਹਾਨੂੰ ਬੈਰਕ ਦੇ ਅੰਦਰ ਬੰਦ ਕਰਕੇ ਝੰਡਾ ਪਾੜ ਦੇਣਗੇ, ਇਸ ਲਈ ਇਸ ਦਾ ਲਾਭ ਨਹੀਂ।" ਅਖ਼ੀਰ ਫ਼ੈਸਲਾ ਹੋਇਆ ਕਿ ਝੰਡਾ ਅਦਬ ਨਾਲ ਕਾਂਗਰਸ ਦੇ ਦਫਤਰ ਵਿਚ ਪਹੁੰਚਾ ਦਿੱਤਾ ਜਾਵੇ। ਜੇਹਲ ਦੇ ਅੰਦਰ ਦਾਖ਼ਲ ਹੋ ਕੇ ਸਰਨ ਕੌਰ ਨੇ ਆਪਣੇ ਪਤੀ ਤੋਂ ਲਾਜ ਬਾਬਤ ਪੁਛਿਆ, ਪਰ ਕੋਈ ਜੁਆਬ ਸੁਣਨ ਤੋਂ ਪਹਿਲਾਂ ਹੀ ਜ਼ਨਾਨਾ ਵਾਰਡ ਦਾ ਬੂਹਾ ਖੁਲ੍ਹ ਕੇ ਬੰਦ ਹੋ ਗਿਆ।

੩.

ਵਡਾ ਤਪ ਤੇ ਮਾਤਾ ਪਿਤਾ ਦਾ ਫੜਿਆ ਜਾਣਾ, ਸਾਰੇ ਦੁਖਾਂ ਤੇ ਦੇਸ਼ ਸੇਵਾ ਲਈ ਜੇਹਲ ਜਾਣ ਦੀ ਜ਼ਬਰਦਸਤ ਇੱਛਾ ਪ੍ਰਬਲ ਹੋ ਗਈ! ਲਾਜ ਦਿਨਾਂ ਵਿਚ ਹੀ ਤੁਰਨ ਫਿਰਨ ਲਗ ਪਈ। ਭੂਆ ਨੇ ਲਾਜ ਦੀ ਸੇਵਾ ਵਿਚ ਕਸਰ ਨਾ ਰਖੀ, ਲਾਜ ਨੂੰ ਚੁਕਵਾ ਕੇ ਉਹ ਘਰ ਹੀ ਲੈ ਗਈ ਸੀ। ਵੀਰਾਂ ਵਾਲੀ ਦੇ ਘਰ ਵਾਲੇ ਜ਼ਮਾਂਦਾਰ ਹੁਸ਼ਨਾਕ ਸਿੰਘ ਨੂੰ ਆਪਣੇ ਸਾਲੇ ਤੇ ਸਾਲੇਹਾਰ ਦੇ ਫੜੇ ਜਾਣ ਦੀ ਖ਼ਬਰ ਗਡੀ ਵਿਚ ਹੀ ਕਿਸੇ ਵਾਕਫ ਤੋਂ ਮਿਲੀ, ਜਦ ਕਿ ਉਹ ਘਰ ਛੁਟੀ ਆ ਰਿਹਾ ਸੀ। ਛਾਉਣੀ ਵਿਚ ਕੋਈ ਅਖ਼ਬਾਰ ਨਹੀਂ ਸੀ ਜਾਂਦਾ। ਹੁਸ਼ਨਾਕ ਸਿੰਘ ਦਾ ਟਾਂਗਾ ਜਦ ਬੂਹੇ ਅੱਗੇ ਪੁਜਾ ਤਾਂ ਲਾਜ ਦਰਵਾਜ਼ੇ ਵਿਚ ਖੜੀ ਸੀ। ਉਸ ਨੇ ਪਹਿਲਾਂ ਫੁਫੜ ਦੇ ਆਉਣ ਦੀ ਖ਼ਬਰ ਦੌੜ ਕੇ ਭੂਆ ਨੂੰ ਦਸੀ, ਫਿਰ ਪਰਤ ਕੇ ਟਾਂਗੇ ਵਿਚੋਂ ਉਤਰ ਰਹੇ ਫੁਫੜ ਦੇ ਗਲ ਆਣ ਲਗੀ। ਵੀਰਾਂ ਵਾਲੀ ਨੇ ਪਹਿਲਾਂ ਦਰਵਾਜ਼ੇ ਅਗੇ ਆਣ ਕੇ ਆਪਣੇ ਪਤੀ ਨੂੰ ਸਤਿ ਸ੍ਰੀ ਅਕਾਲ ਆਖੀ, ਫਿਰ ਝਟ ਅੰਦਰ ਵੜ ਕੇ ਸ਼ੀਸ਼ੇ ਅਗੇ ਆਪਣੇ ਵਾਲ ਸੁਆਰੇ, ਦੁਪੱਟਾ ਬਦਲਿਆ ਤੇ ਚਾਈਂ ਚਾਈਂ ਮੁੜ ਬਾਹਰ ਆਣ ਕੇ ਸਾਮਾਨ ਸੰਭਾਲਣ ਦੇ ਆਹਰ ਵਿਚ ਲਗ ਗਈ। ਲਾਜ ਵੀ ਨਿਕੀਆਂ ਨਿਕੀਆਂ ਚੀਜ਼ਾਂ ਸੰਭਾਲਣ ਵਿਚ ਆਪਣੀ ਭੂਆ ਨੂੰ ਮਦਦ ਦੇਣ ਲਗ ਪਈ। ਗੁਆਂਢ ਤੋਂ ਸਜਨ ਮਿਤਰ ਹੁਸ਼ਨਾਕ ਸਿੰਘ ਨੂੰ ਪੁਛਣ ਭਾਲਣ ਆ ਗਏ। ਵੀਰਾਂ ਵਾਲੀ ਨੇ ਚੁਲ੍ਹੇ ਤੇ ਚਾਹ ਰੱਖ ਦਿਤੀ। ਗੁਆਂਢੀਆਂ ਦੇ ਚਲੇ ਜਾਣ ਪੁਰ ਚਾਹ ਪਿਲਾਣ ਲਗਿਆਂ ਹੀ ਵੀਰਾਂ ਵਾਲੀ ਨੂੰ ਵੀ ਆਪਣੇ ਪਤੀ ਪਾਸੋਂ ਸੁਖ ਸਾਂਦ ਪੁਛਣ ਦਾ ਮੌਕਾ ਮਿਲਿਆ, ਉਸ ਨੇ ਚਾਹ ਵਿਚ ਮਿਠਾ ਰਲਾਂਦਿਆਂ ਪੁਛਿਆ: "ਜੀ ਵਲ ਰਾਜ਼ੀ ਬਾਜ਼ੀ ਰਹੇ ਹੋ।"

"ਅਗੇ ਤਾਂ ਵਲ ਹੀ ਰਹੇ, ਪਰ ਮਲੂਮ ਹੁੰਦਾ ਹੈ ਤੂੰ ਵਲ ਰਹਿਣ ਨਹੀਂ ਦੇਣਾ।" ਵੀਰਾਂ ਵਾਲੀ ਦੇ ਕੰਨਾਂ ਨੂੰ ਐਸੇ ਹੀ ਉਤਰ ਦੀ ਆਸ ਸੀ। ਉਹ ਆਪਣੇ ਪਤੀ ਦੇ ਚੇਹਰੇ ਤੋਂ ਉਸ ਦੇ ਮਨ ਦੀ ਅਵਸਥਾ ਨੂੰ ਤਾਂ ਪੜ੍ਹ ਚੁਕੀ ਸੀ ਪਰ ਨਾਰਾਜ਼ਗੀ ਦੇ ਕਾਰਨ ਦਾਂ ਪੂਰੀ ਸਮਝ ਉਸ ਨੂੰ ਅਜੇ ਨਹੀਂ ਸੀ ਆਈ। ਵੀਰਾਂ ਵਾਲੀ ਨੇ ਗਲ ਨੂੰ ਇਥੇ ਠੱਪ ਦਿਤਾ। ਹੁਸ਼ਨਾਕ ਸਿੰਘ ਨੇ ਨਾਂਹ ਨੁਕਰ ਕਰਦਿਆਂ ਚਾਹ ਦੀ ਪਿਆਲੀ ਪੀ ਲਈ। ਰਾਤ ਦੀ ਰੋਟੀ ਤਕ ਵੀਰਾਂ ਵਾਲੀ ਨੇ ਕੋਈ ਗਲ ਛਿੜਨ ਦਾ ਮੌਕਾ ਨਾ ਦਿਤਾ। ਹੁਸ਼ਨਾਕ ਸਿੰਘ ਨੇ ਭਰਿਆਂ ਪੀਤਿਆਂ ਹੀ ਦੋ ਰੋਟੀਆਂ ਸੰਘੋਂ ਹੇਠਾਂ ਉਤਾਰੀਆਂ। ਵੀਰਾਂ ਵਾਲੀ ਨੇ ਤਾਂ ਖਾਣਾ ਹੀ ਕੀ ਸੀ। ਸੌਣ ਦੇ ਕਪੜੇ ਬਦਲ ਕੇ ਹੁਸ਼ਨਾਕ ਸਿੰਘ ਲੰਮਾ ਪੈ ਗਿਆ। ਵੀਰਾਂ ਵਾਲੀ ਲਾਜ ਨੂੰ ਰੋਟੀ ਖੁਆ ਕੇ ਭਾਂਡਾਂ ਟਿਂਡਰ ਸਾਂਭਣ ਪਿਛੋਂ ਲਤਾਂ ਦਬਾਣ ਦੇ ਬਹਾਨੇ ਆਪਣੇ ਪਤੀ ਪਾਸ ਮੰਜੇ ਤੇ ਆਣ ਬੈਠੀ। ਦਸ ਪੰਦਰਾਂ ਮਿੰਟ ਦੋਹਾਂ ਪਾਸਿਆਂ ਤੋ ਚੁਪ ਰਹੀ। ਹੁਸ਼ਨਾਕ ਸਿੰਘ ਨੇ ਪਾਸਾ ਪਰਤਦਿਆਂ ਇਉਂ ਉਬਾਸੀ ਲਈ, ਜਿਵੇਂ ਉਹ ਪਹਿਲਾਂ ਸੌਂ ਗਿਆ ਸੀ ਤੇ ਹੁਣ ਹੀ ਉਸ ਨੂੰ ਵੀਰਾਂ ਵਾਲੀ ਦੇ ਪਾਸ ਬੈਠੇ ਹੋਣ ਦਾ ਪਤਾ ਲਗਾ ਹੈ। ਵੀਰਾਂ ਵਾਲੀ ਨੇ ਕਿਹਾ, "ਜੀ ਇਧਰ ਮੂੰਹ ਕਰੋ, ਤੁਹਾਨੂੰ ਤੇ ਜੱਗ ਰਖਣਾ ਵੀ ਨਹੀਂ ਆਉਂਦਾ, ਉਡੀਕ



Namdhari Elibrary NamdhariElibrary@gmail.com

ਉਡੀਕ ਕੇ ਸਾਡੀਆਂ ਅੱਖਾਂ ਵੀ ਪੱਕ ਗਈਆਂ ਹਨ ਤੇ ਇਹ ਸਿਧੇ ਮੂੰਹ ਗਲ ਵੀ ਨਹੀਂ ਕਰਦੇ, ਛੁਟੀ ਕਿਤਨੀ ਮਿਲੀ ਜੇ ?" ਹੁਸ਼ਨਾਕ ਸਿੰਘ ਨੇ ਫਿਰ ਪਾਸਾ ਪਰਤਿਆ ਤੇ ਅੱਖਾਂ ਪੁਰ ਹਥ ਰੱਖ ਕੇ ਆਖਣ ਲਗਾ, "ਤੂੰ ਹੁਣ ਲੰਮੀ ਹੀ ਛੁਟੀ ਸਮਝ, ਸੁਖ ਤੈਨੂੰ ਪਚਦਾ ਨਹੀਂ, ਹੁਣ ਹੀ ਤਰੱਕੀ ਦੇ ਦਿਨ ਸਨ, ਪਰ ਤੂੰ ਮੈਨੂੰ ਕੁਝ ਬਣਨ ਨਹੀਂ ਦੇਣਾ।"

"ਜੀ ਗਲ ਤੇ ਦਸੋ ?"

"ਗਲ ਕੀ ਦਸਾਂ, ਤੈਨੂੰ ਪਤਾ ਨਹੀਂ ਅਜ ਕਲ ਲੜਾਈ ਦੇ ਦਿਨ ਹਨ, ਕਿਸੇ ਫ਼ੌਜੀ ਦੇ ਬਾਗ਼ੀਆਂ ਨਾਲ ਮੇਲ ਜੋਲ ਨੂੰ ਸਰਕਾਰ ਪਸੰਦ ਨਹੀਂ ਕਰਦੀ। ਅਵਲ ਤਾਂ ਸਰਕਾਰ ਨੂੰ ਪਤਾ ਹੀ ਨਹੀਂ ਲਗਣ ਦੇਣਾ ਚਾਹੀਦਾ ਕਿ ਕੋਈ ਬਾਗ਼ੀ ਸਾਡੇ ਸੰਬੰਧੀ ਹਨ। ਜੇ ਪਤਾ ਲਗ ਵੀ ਜਾਏ ਤਾਂ ਅਸੀਂ ਆਖ ਸਕਦੇ ਹਾਂ ਕਿ ਉਹ ਸਾਡੇ ਆਖੇ ਤੋਂ ਬਾਹਰ ਹਨ, ਪਰ ਤੂੰ ਇਹ ਬਲਾ ਕਿਉਂ ਜਾਣ ਬੁਝ ਕੇ ਆਪਣੇ ਗਲ ਪਾ ਲਈ। ਬਾਗ਼ੀ ਦੀ ਧੀ ਨੂੰ ਪਾਸ ਰਖਣਾ ਤੂੰ ਨਹੀਂ ਜਾਣਦੀ, ਕਿਤਨਾ ਜੁਰਮ ਹੈ।"

ਆਪਣੇ ਪਤੀ ਦੀ ਗਲ ਸੁਣ ਕੇ ਵੀਰਾਂ ਵਾਲੀ ਨੂੰ ਕੰਬਣੀ ਜਿਹੀ ਆ ਗਈ। ਉਸ ਨੂੰ ਇਹ ਖਿਆਲ ਨਹੀਂ ਸੀ ਕਿ ਲਾਜ ਨੂੰ ਐਸੇ ਹਾਲਾਤ ਵਿਚ ਇਥੇ ਲਿਆਉਣਾ ਪਤੀ ਲਈ ਇਤਨਾ ਜ਼ਿਆਦਾ ਦੁਖਦਾਈ ਹੋ ਸਕਦਾ ਹੈ। ਉਸ ਦੀ ਜਾਨ ਪਸੀਨਾ ਪਸੀਨਾ ਹੋ ਗਈ। ਹੁਸ਼ਨਾਕ ਸਿੰਘ ਨੇ ਫਿਰ ਦੰਦ ਕਰੀਚ ਕੇ ਕਿਹਾ, "ਤੂੰ ਕੁੜੀ ਨੂੰ ਕਿਉਂ ਮੇਰੇ ਘਰ ਲਿਆਂਦਾ ?"

ਵੀਰਾਂ ਵਾਲੀ ਨੇ ਭਰੇ ਗਲੇ ਨਾਲ ਸਾਰੀ ਵਿਥਿਆ ਇਸ ਤਰ੍ਹਾਂ ਸੁਣਾਈ, ਜਿਵੇਂ ਕੋਈ ਪੁਜਾਰਨ ਦੇਵੀ ਪਾਸੋਂ ਕਿਸੇ ਮਨ ਭਾਉਂਦੇ ਵਰ ਦਾ ਤਰਲਾ ਲੈ ਰਹੀ ਹੈ, ਪਰ ਤੁਰਤ ਹੀ ਉਸ ਨੂੰ ਅਨੁਭਵ ਹੋਇਆ ਕਿ ਪਤੀ ਦੇਵ ਤਾਂ ਪਥਰ ਦੀ ਹੀ ਮੂਰਤੀ ਹਨ। ਉਸ ਦੇ ਮਨ ਵਿਚ ਪਤੀ ਜੀ ਦੇ ਛੁਟੀ ਆਉਣ ਦੀਆਂ ਕਿਨੀਆਂ ਉਮੰਗਾਂ ਸਨ, ਉਸ ਦੇ ਸਾਰੇ ਵਲਵਲੇ ਤੇ ਚਾਉ ਖਿੰਡ ਕੇ ਉਸ ਦੀਆਂ ਅੱਖਾਂ ਸਾਹਮਣੇ ਪਰਛਾਵੇਂ ਜਿਹੇ ਬਣ ਕੇ ਖਿਲਰ ਗਏ। ਧੁਆਂਦੀ ਪਿਆਂ ਹੀ ਉਸ ਨੇ ਰਾਤ ਕਟ ਲਈ। ਹੰਝੂਆਂ ਦੇ ਕੀਮਤੀ ਮੋਤੀਆਂ ਦੀ ਭੇਟਾ ਦਿਤੀ ਪਰ ਪੱਥਰ ਦੀ ਮੂਰਤੀ ਵਿਚ ਕੋਈ ਅਨੁਭਵਤਾ ਹੀ ਨਹੀਂ। ਪਤੀ ਦੇ ਹਠ ਨੇ ਵੀਰਾਂ ਵਾਲੀ ਨੂੰ ਵੀ ਆਪਣੇ ਅਪਰਾਧੀ ਹੋਣ ਦਾ ਸ਼ਕ ਜਿਹਾ ਪਾ ਦਿਤਾ।

ਘਬਰਾਇਆ ਹੋਇਆ ਆਦਮੀ ਆਪਣੀ ਘਬਰਾਹਟ ਦੇ ਕਾਰਨ ਨੂੰ ਲੁਕਾਣ ਦੇ ਜੋ ਸਾਧਨ ਵਰਤਦਾ ਹੈ, ਉਹ ਉਸ ਦੀ ਘਬਰਾਹਟ ਨੂੰ ਵਧੀਕ ਪ੍ਰਗਟਾਂਦੇ ਹਨ। ਸਜਨਾਂ ਮਿਤਰਾਂ ਤਕ ਗਲ ਪੁਜ ਗਈ। ਸਿਆਣਿਆਂ ਦੀਆਂ ਦਲੀਲਾਂ ਤੇ ਮਸਾਲਾਂ ਹੁਸ਼ਨਾਕ ਸਿੰਘ ਨੂੰ ਕਾਇਲ ਨਾ ਕਰਵਾ ਸਕੀਆਂ ਕਿ ਤੇਰੇ ਸਾਲੇ ਦੀ ਜ਼ਿਮੇਵਾਰੀ ਕਿਸੇ ਤਰ੍ਹਾਂ ਵੀ ਤੇਰੇ ਤੇ ਨਹੀਂ ਆਉਂਦੀ। ਲਾਜ ਨੂੰ ਆਪਣੇ ਪਾਸ ਰੱਖਣਾ ਉਹ ਆਪਣੀਆਂ ਸਭ ਆਸਾਂ ਦੇ ਖ਼ਾਤਮੇ ਦਾ ਪ੍ਰਵਾਨਾ ਸਮਝਦਾ ਸੀ। ਵਧੀਕ ਨਹੀਂ ਤਾਂ ਸੂਬੇਦਾਰ ਮੇਜਰ ਤਾਂ ਉਸ ਨੇ ਇਸ ਜੰਗ ਵਿਚ ਹੀ ਬਣਨਾ ਹੈ। ਲਾਜ ਦੇ ਕੰਨਾਂ ਵਿਚ ਕੋਈ ਨਾ ਕੋਈ ਗਲ ਪੈ ਜਾਂਦੀ ਰਹੀ। ਛੁਟੀ ਪੂਰੀ ਹੋ ਗਈ, ਹੁਸ਼ਨਾਕ ਸਿੰਘ ਨੇ ਟਾਂਗਾ ਬੂਹੇ ਅਗੇ ਖੜਾ ਕੀਤਾ, ਵੀਰਾਂ ਵਾਲੀ ਨੂੰ ਬਾਹੋਂ ਫੜ ਕੇ ਉਸ ਵਿਚ ਬਿਠਾਇਆ ਤੇ ਮਕਾਨ ਦੀਆਂ ਚਾਬੀਆਂ ਜੇਬ ਵਿਚ ਪਾ ਲਈਆਂ। ਬੂਹੇ ਅਗੇ ਕੁੜੀਆਂ ਨਾਲ ਖੇਡਦੀ ਲਾਜ ਟਾਂਗੇ ਵਿਚ ਬੈਠੀ ਬੇ-ਬਸ ਭੂਆ ਵਲ ਤੇ ਭੂਆ ਹੰਝੂਆਂ ਭਰੀਆਂ ਅੱਖਾਂ ਨਾਲ ਲਾਜ ਵਲ ਵੇਖ ਰਹੀ ਹੈ। ਟਾਂਗਾ ਉਹਲੇ ਹੋ ਗਿਆ।

■

"ਭਰਾ ਜੀ ਲਾਜ ਦਾ ਕੀ ਬਣਿਆ ?"

"ਵੀਰਾਂ, ਅਸੀਂ ਤਾਂ ਤੇ ਤੇਰੇ ਪਾਸ ਅਮਾਨਤ ਛਡ ਆਏ ਸਾਂ।"

ਇਕ ਸਾਲ ਤੇ ਦੋ ਮਹੀਨੇ ਗੁਜ਼ਰ ਜਾਣ ਪਿਛੋਂ ਸੈਂਟਰਲ ਜੇਹਲ ਮੁਲਤਾਨ ਦੇ ਮੁਲਾਕਾਤ ਦੇ ਕਮਰੇ ਵਿਚ ਬੈਠੇ ਵੀਰਾਂ ਵਾਲੀ ਦਾ ਇਹ ਇਕ ਸੁਆਲ ਤੇ ਭਰਾ ਕਿਸ਼ਨ ਸਿੰਘ ਦਾ ਇਹ ਇਕੋ ਜਵਾਬ, ਬਸ ਕੁਲ ਦੋ ਹੀ ਗੱਲਾਂ ਸਨ ਜੋ ਉਨ੍ਹਾਂ ਇਕ ਘੰਟੇ ਦੀ ਮੁਲਾਕਾਤ ਵਿਚ ਜ਼ਬਾਨ ਨਾਲ ਕੀਤੀਆਂ। ਇਨ੍ਹਾਂ ਦੋਹਾਂ ਗੱਲਾਂ ਪਿਛੋਂ ਦੁਵੱਲੀ ਚੁਪ ਤੇ ਕਿਸੇ ਕਿਸੇ ਵੇਲੇ ਤਰ ਅੱਖਾਂ ਨਾਲ ਇਕ ਦੂਜੇ ਵਲ ਤੱਕਣਾ, ਦਿਲ ਦੀਆਂ ਗੱਲਾਂ ਹਨ, ਜਿਨ੍ਹਾਂ ਨੂੰ ਬੇ-ਜ਼ਬਾਨੀ ਦੀ ਜ਼ਬਾਨ ਦਾ ਕੋਈ ਪੰਡਤ ਹੀ ਦਸ ਸਕਦਾ ਹੈ। ਮੁਲਾਕਾਤ ਕਰਵਾਣ ਵਾਲੇ ਅਫ਼ਸਰ ਨੇ ਵਕਤ ਖ਼ਤਮ ਹੋਣ ਦੀ ਘੰਟੀ ਵਜਾਈ, ਦੋਵੇਂ ਭੈਣ ਭਰਾ ਚੁਪ ਚੁਪੀਤੇ ਇਕ ਦੂਜੇ ਨੂੰ ਵੇਖਦੇ ਅੱਡ ਹੋ ਗਏ। ਮਾਂ ਪਿਓ ਜਾਈ ਨਾਲ ਇਹ ਆਖ਼ਰੀ ਮਿਲਣੀ ਹੈ, ਕਿਸ਼ਨ



Namdhari Elibrary NamdhariElibrary@gmail.com

ਸਿੰਘ ਨੂੰ ਇਸ ਗੱਲ ਦਾ ਕੀ ਪਤਾ ਸੀ !

ਜੇਹਲਾਂ ਵਿਚ ਕੈਦੀਆਂ ਦੀ ਆਵਾਜਾਈ ਲਗੀ ਰਹਿੰਦੀ ਹੈ। ਕਿਸ਼ਨ ਸਿੰਘ ਨੂੰ ਇਹ ਤਾਂ ਪਤਾ ਲਗ ਚੁਕਾ ਹੈ ਕਿ ਲਾਜ ਹੁਣ ਲਾਹੌਰ ਤਪਦਿਕ ਦੇ ਹਸਪਤਾਲ ਵਿਚ ਹੈ, ਪਰ ਵੀਰਾਂ ਵਾਲੀ ਉਸ ਨਾਲੋਂ ਵੀ ਸਖ਼ਤ ਕੈਦ ਵਿਚ ਹੈ, ਕਿਸ਼ਨ ਸਿੰਘ ਨੂੰ ਇਹ ਗੱਲ ਕਿਸੇ ਨਹੀਂ ਸੀ ਦੱਸੀ। ਛਾਉਣੀ ਵਿਚ ਤਾਂ ਪੰਖੇਰੂ ਪਰ ਨਹੀਂ ਸੀ ਮਾਰ ਸਕਦਾ, ਬਾਗ਼ੀ ਭਰਾ ਭਰਜਾਈ ਤੇ ਬਾਗ਼ੀਆਂ ਦੀ ਧੀ ਬਾਬਤ ਵੀਰਾਂ ਵਾਲੀ ਨੂੰ ਕੌਣ ਖ਼ਬਰ ਦਸਦਾ। ਵੀਰਾਂ ਵਾਲੀ ਮੁਲਾਕਾਤ ਲਈ ਜੇਹਲ ਤਕ ਕਿਵੇਂ ਪੁਜ ਗਈ, ਇਸ ਭੇਦ ਦਾ ਅਜੇ ਕਿਸੇ ਨੂੰ ਨਹੀਂ ਪਤਾ ਲਗ ਸਕਿਆ। ਉਸ ਨੇ ਆਪਣੀ ਜਾਨ ਖ਼ਤਰੇ ਵਿਚ ਪਾਈ, ਆਪਣੇ ਪਤੀ ਹੁਸ਼ਨਾਕ ਸਿੰਘ ਤੋਂ ਇਹ ਭੇਦ ਲੁਕਾਣ ਵਿਚ ਉਸ ਨੂੰ ਸਫ਼ਲਤਾ ਹੋਈ, ਪਰ ਭਰਾ ਦੀ ਅਮਾਨਤ ਵਿਚ ਮਜਬੂਰੀ ਖਿਆਨਤ ਹੋ ਜਾਣ ਦਾ ਸਦਮਾ ਉਹ ਨਾ ਸਹਾਰ ਸਕੀ। ਹੁਸ਼ਨਾਕ ਸਿੰਘ ਨੇ ਅਸਲ ਮਰਜ਼ ਵਲ ਤਾਂ ਧਿਆਨ ਨਾ ਕੀਤਾ, ਹੋਰ ਦੁਆਈਆਂ ਨੇ ਕੀ ਸੁਆਰਨਾ ਸੀ। ਸਰਨ ਕੌਰ ਦੀ ਕੈਦ ਪੂਰੀ ਹੋ ਗਈ, ਵੀਰਾਂ ਵਾਲੀ ਨੇ ਅਮਾਨਤ ਵਿਚ ਖਿਆਨਤ ਦੀ ਦੋਸ਼ਣ ਹੋ ਕੇ ਭਰਜਾਈ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਹੀ ਸਦੀਵੀ ਰਿਹਾਈ ਪਾ ਲਈ। ਸਰਨ ਕੌਰ ਸਿੱਧੀ ਲਾਹੌਰ ਹਸਪਤਾਲ ਵਿਚ ਪੁਜੀ। ਵੱਡਾ ਦਰਵਾਜ਼ਾ ਬੰਦ ਸੀ। ਦਰਬਾਨ ਨੇ ਕਿਹਾ, "ਮਰੀਜ਼ਾਂ ਦੇ ਸੌਣ ਦਾ ਵਕਤ ਹੈ।" ਦਰਵਾਜ਼ੇ ਦੀ ਖੱਬੀ ਨੁਕਰ ਵਿਚ ਭੰਗੀਆਂ ਦਾ ਘਰ ਸੀ। ਓਪਰੀ ਖੱਦਰਪੋਸ਼ ਜ਼ਨਾਨੀ ਨੂੰ ਵੇਖ ਕੇ ਜਮਾਦਾਰਨੀ ਨੇੜੇ ਆ ਗਈ। ਉਸ ਨੇ ਪੁਛਿਆ, "ਤੁਸੀਂ ਕਿਸ ਨੂੰ ਮਿਲਣਾ ਹੈ ?" ਸਰਨ ਕੌਰ ਚਾਹੁੰਦੀ ਹੀ ਸੀ ਕਿ ਉਸ ਤੇ ਕੋਈ ਸਵਾਲ ਕਰੇ। ਸਰਨ ਕੌਰ ਨੇ ਕਿਹਾ, "ਮੇਰੀ ਲੜਕੀ ਇਥੇ ਬੀਮਾਰ ਹੈ ਲਾਜ।" ਜਮਾਦਾਰਨੀ ਨੇ ਵਾਰਡ ਦਾ ਨੰਬਰ ਪੁਛਿਆ ਤੇ ਨਾਲ ਹੀ ਕਿਹਾ, "ਅਸਾਂ ਤੇ ਇਸ ਨਾਮ ਦੀ ਕੋਈ ਬੀਮਾਰ ਨਹੀਂ ਸੁਣੀ, ਮੈਂ ਰੋਜ਼ ਹਰ ਇਕ ਵਾਰਡ ਵਿਚ ਸਫ਼ਾਈ ਲਈ ਜਾਂਦੀ ਹਾਂ।" ਸਰਨ ਕੌਰ ਨੇ ਕਿਹਾ, "ਮੈਨੂੰ ਤੇ ਵਾਰਡ ਦਾ ਪਤਾ ਨਹੀਂ, ਨਾ ਹੀ ਕਮਰੇ ਦੇ ਨੰਬਰ ਦਾ ਹੀ ਪਤਾ ਹੈ, ਸੁਣਿਆ ਹੈ ਕਿ ਮੇਰੀ ਲਾਜ ਇਸ ਹਸਪਤਾਲ ਵਿਚ ਹੈ।

"ਸੁਣਿਆ ਹੈ," ਜਮਾਦਾਰਨੀ ਨੇ ਹੈਰਾਨ ਹੋਕੇ ਪੁਛਿਆ, "ਤੁਸਾਂ ਆਪ ਉਸ ਨੂੰ ਇਥੇ ਦਾਖ਼ਲ ਨਹੀਂ ਕਰਵਾਇਆ ?"

"ਨਹੀਂ, ਅਸੀਂ ਜੇਹਲ ਵਿਚ ਸਾਂ, ਪਿਛੋਂ ਹੀ ਉਹ ਬੀਮਾਰ ਹੋ ਗਈ।"

"ਊਂ, ਬਾਗ਼ੀ ਦੀ ਧੀ ਹੋਵੇਗੀ," ਜੇਹਲ ਦਾ ਨਾਮ ਸੁਣ ਕੇ ਜਮਾਦਾਰਨੀ ਕਿਹਾ, "ਇਥੇ ਉਸ ਦੇ ਲਾਜ ਨਾਮ ਦਾ ਕਿਸੇ ਨੂੰ ਵੀ ਪਤਾ ਨਹੀਂ, ਪਤਲੀ, ਗੋਰੀ ਜੇਹੀ, ਬਾਰਾਂ ਤੇਰਾਂ ਸਾਲਾਂ ਦੀ ਕੁੜੀ ਹੈ। ਬੜੀਆਂ ਮਿੱਠੀਆਂ ਗੱਲਾਂ ਕਰਦੀ ਹੈ। ਉਸ ਦੀਆਂ ਗੱਲਾਂ ਸੁਣ ਕੇ ਕਦੇ ਹਾਸਾ ਆ ਜਾਂਦਾ ਹੈ, ਕਦੇ ਰੋਣਾ। ਉਹ ਆਪਣੀ ਭੂਆ ਪਾਸ ਸੀ ?" ਸਰਨ ਕੌਰ ਨੇ ਸਿਰ ਹਿਲਾਇਆ।

"ਬਸ ਉਹੋ ਹੈ, ਜਦ ਉਹ ਪਹਿਲਾਂ ਇਥੇ ਆਈ ਤਾਂ ਉਸ ਨੇ ਕਿਸੇ ਕੁੜੀ ਤੋਂ ਪੁਛਿਆ, "ਬਾਗ਼ੀ ਕਿਸ ਨੂੰ ਆਖਦੇ ਹਨ," ਤੇ ਫਿਰ ਆਪ ਹੀ ਦਸਿਆ ਕਿ ਮੇਰਾ ਫੁਫੜ ਮੇਰੀ ਭੂਆ ਨੂੰ ਆਖਦਾ ਸੀ, ਤੂੰ ਬਾਗ਼ੀਆਂ ਦੀ ਧੀ ਨੂੰ ਘਰ ਕਿਉਂ ਲਿਆਂਦਾ, ਉਸੇ ਦਿਨ ਤੋਂ ਉਸ ਦਾ ਨਾਮ ਬਾਗ਼ੀ ਦੀ ਧੀ ਪੈ ਗਿਆ। ਜਦ ਵੀ ਡਾਕਟਰ ਆਉਂਦਾ ਹੈ ਉਹ ਆਖਦੀ ਹੈ; ਮੈਨੂੰ ਮੇਰੇ ਪਿਤਾ ਜੀ ਤੇ ਮਾਤਾ ਜੀ ਪਾਸ ਜੇਹਲ ਵਿਚ ਲੈ ਚਲੋ, ਡਾਕਟਰ ਹਸ ਛਡਦਾ ਹੈ।" ਜਮਾਦਾਰਨ ਦੀ ਗੱਲ ਨੂੰ ਸਰਨ ਕੌਰ ਬੁਤ ਬਣੀ ਖੜੋਤੀ ਸੁਣਦੀ ਗਈ।

ਜਮਾਦਾਰਨ ਨੇ ਕਿਹਾ, "ਸਰਦਾਰ ਜੀ ਨਹੀਂ ਆਏ ?"

"ਉਨ੍ਹਾਂ ਦੀ ਕੈਦ ਅਜੇ ਅੱਧੀ ਵੀ ਨਹੀਂ ਗੁਜ਼ਰੀ, ਉਨ੍ਹਾਂ ਨੂੰ ਤਿੰਨ ਸਾਲ ਦੀ ਕੈਦ ਮਿਲੀ ਸੀ।" ਸਰਨ ਕੌਰ ਦੀ ਗੱਲ ਸੁਣ ਕੇ ਜਮਾਦਾਰਨ ਨੇ ਠੰਡਾ ਹੌਕਾ ਭਰਿਆ ਤੇ ਕਿਹਾ, "ਕੁੜੀ ਬੜੀ ਸਿਆਣੀ ਹੈ, ਦਸਦੀ ਹੈ ਕਿ ਮੇਰਾ ਫੁਫੜ ਭੂਆ ਨੂੰ ਲੈ ਕੇ ਚਲਾ ਗਿਆ, ਮੈਂ ਬਾਹਰ ਬੂਹੇ ਅੱਗੇ ਬੈਠੀ ਸਰਦਲ ਤੇ ਹੀ ਸੌਂ ਗਈ, ਸਰਦੀ ਨਾਲ ਮੈਨੂੰ ਤਾਪ ਚੜ੍ਹ ਗਿਆ। ਫਿਰ ਮੇਰੇ ਪਿਤਾ ਜੀ ਦਾ ਇਕ ਦੋਸਤ ਮੈਨੂੰ ਆਪਣੇ ਘਰ ਲੈ ਗਿਆ। ਜਦ ਮੈਂ ਬਹੁਤ ਬੀਮਾਰ ਹੋ ਗਈ ਤਾਂ ਉਹ ਇਥੇ ਛਡ ਗਏ ਮੈਂ ਬਥੇਰਾ ਕਿਹਾ, ਮੈਨੂੰ ਜੇਹਲ ਲੈ ਚਲੋ, ਪਰ ਉਹ ਨਹੀਂ ਲੈ ਗਏ।" ਇਤਨੀ ਗੱਲ ਦਸਣ ਪਿਛੋਂ ਜਮਾਦਾਰਨ ਨੇ ਕਿਹਾ, "ਹੁਣ ਤੇ ਜੀ ਉਹ ਤੁਹਾਨੂੰ ਹੀ ਉਡੀਕਦੀ ਹੈ।"

ਜਮਾਦਾਰਨ ਦੇ ਆਖ਼ਰੀ ਫ਼ਿਕਰੇ ਦਾ ਭਾਵ ਸਰਨ ਕੌਰ ਸਮਝ ਗਈ ਸੀ। ਲਾਜ ਦੇ ਕਮਰੇ ਵਿਚ ਪੁਜਣ ਤਕ ਉਸ ਦੇ ਸਾਹ ਅੱਥਰੂ-ਵਗ ਚੁਕੇ ਸਨ। ਆਪਣੀ ਮਾਤਾ ਨੂੰ ਵੇਖ ਕੇ ਲਾਜ ਦੀਆਂ ਅੱਖਾਂ ਅੱਡੀਆਂ ਗਈਆਂ। ਸਵੇਰ ਦੇ ਦੀਵੇ ਦੀ ਇਹ ਆਖ਼ਰੀ ਝਲਕ ਸੀ। ●



Namdhari Elibrary NamdhariElibrary@gmail.com

ਅਧਿਆਤਮਕ ਲੇਖ

# ਜਬ ਹੀ ਸਰਨਿ ਸਾਧ ਕੀ ਆਇਓ

ਡਾ: ਕਰਮ ਸਿੰਘ ਕਪੂਰ

ਗੁਰੂ ਤੇਗ ਬਹਾਦਰ ਬਾਰੇ ਇਹ ਲੇਖ ਦਸੰਬਰ ਅੰਕ ਵਿਚ ਛਪਣੋਂ ਰਹਿ ਗਿਆ ਸੀ। ਇਸ ਲੇਖ ਦੇ ਵਿਦਵਾਨ ਲੇਖਕ ਡਾ: ਕਰਮ ਸਿੰਘ ਕਪੂਰ, ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਐਮ ਏ. ਅਤੇ ਪੀ.ਐਚ.ਡੀ.ਹਨ। ਇਸ ਤੋਂ ਇਲਾਵਾ ਪ੍ਰਭਾਕਰ ਅਤੇ ਅਦੀਬ ਫ਼ਾਜ਼ਿਲ ਭੀ ਹਨ। ਅਜ ਕਲ ਭਾਸ਼ਾ ਵਿਭਾਗ ਪਟਿਆਲਾ ਵਿਖੇ ਸਹਾਇਕ ਡਾਇਰੈਕਟਰ ਹਨ। ਹੁਣ ਇਹ ਲੇਖ ਵਿਸ਼ਵਨੂਰ ਪ੍ਰਕਾਸ਼ਨ ਪਟਿਆਲਾ ਵਲੋਂ ਛਪੀ ਪੁਸਤਕ 'ਗੁਰੂ ਤੇਗ ਬਹਾਦਰ' ਵਿਚ ਛਪ ਚੁਕਿਆ ਹੈ ਜਿਸ ਵਿਚ ਇਸ ਤੋਂ ਇਲਾਵਾ ਚਾਰ ਹੋਰ ਦਾਰਸ਼ਨਿਕ ਲੇਖ ਹਨ। ਡਾ: ਸਾਹਿਬ ਦੇ ਧਨਵਾਦ ਸਹਿਤ ਇਹ ਲੇਖ ਛਾਪ ਰਹੇ ਹਾਂ—

ਸੰਪਾਦਕ

"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ"

ਪਕਿਆਂ ਦੀ ਭਾਲ ਜਾਂ ਸਾਧ ਦੀ ਸਰਨ, ਸਾਡੀ ਸਿੱਖ ਫ਼ਿਲਾਸਫ਼ੀ ਦਾ ਮੂਲ ਧੁਰਾ ਹੈ। ਸਾਡੀ ਸਾਰੀ ਵਿਚਾਰਧਾਰਾ ਇਸੇ ਇਕ ਕੇਂਦਰੀ ਨੁਕਤੇ ਦੁਆਲੇ ਘੁੰਮਦੀ ਹੈ। ਅਕਾਲ ਪੁਰਖ ਦੀਆਂ ਬੱਧੀਆਂ ਨੂੰ ਕੇਵਲ ਸਾਧ ਹੀ ਛੁੜਾ ਸਕਦਾ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਸਾਧ ਦੀ ਉਪਮਾ ਨੂੰ ਮੂਰਤੀਮਾਨ ਕਰਨ ਦਾ ਸਫਲ ਜਤਨ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜਿਨ੍ਹਾਂ ਬਾਰੇ ਇਹ ਕਿਹਾ ਗਿਆ ਹੈ, ਕਿ ਅਕਾਲ ਪੁਰਖ ਆਪ ਮਨੁਖ ਰੂਪ ਧਾਰ ਧਰਤੀ ਦੀ ਬੰਦ ਖਲਾਸ ਲਈ ਆਇਆ, ਸਾਧ ਦੀ ਸਰਨ ਬਾਰੇ, ਸਿੱਧ ਗੋਸ਼ਟ ਵਿਚ ਸਿੱਧਾਂ ਦੇ ਇਸ ਪ੍ਰਸ਼ਨ ਤੇ ਕਿ :—

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥
ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥
ਕਿਤੁ ਬਿਧਿ ਆਸਾ ਮਨਸਾ ਖਾਈ ॥
ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥

ਦਾ ਉੱਤਰ ਦੇਂਦੇ ਹੋਏ ਸਪੱਸ਼ਟ ਸ਼ਬਦਾਂ ਵਿਚ ਕਹਿ ਉਠਦੇ ਹਨ :—

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥
ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥
ਗੁਰਮੁਖਿ ਜੋਤਿ ਨਿਰੰਤਰਿ ਪਾਈ ॥

ਜਿੰਨਾਂ ਚਿਰ ਮਨੁਖ ਸਤਿਗੁਰ ਦੇ ਘਰ ਨਹੀਂ ਜਨਮਦਾ, ਅਰਥਾਤ ਸਾਧ ਦੀ ਸਰਨ ਨਹੀਂ ਆਉਂਦਾ, ਜਾਂ ਸਿੱਖ ਨਹੀਂ ਬਣਦਾ, ਬਾਕੀ ਦੇ ਕਾਰਜ ਵਾਪਰਦੇ ਹੀ ਨਹੀਂ। ਇਸ ਲਈ ਦੁਰਲਭ ਦੇਹੀ ਵਿਚ ਆਉਣ ਦਾ ਮੁਖ ਮਨੋਰਥ ਸਾਧ ਦੀ ਸਰਨ ਆਉਣਾ ਹੀ ਹੈ, ਉਸ ਸਾਧ ਦੀ ਸਰਨ ਜਿਸ ਦੀ ਚਰਨ ਧੂੜ ਦੇਵਤੇ ਮੰਗਦੇ ਤੇ ਤਰਸਦੇ ਹਨ। ਇਹ ਸਾਧ ਸਰਨ 'ਜਬ ਲਗ ਨਹੀਂ ਭਾਗ ਲਲਾਟ ਉਦੇ' ਜਾਂ 'ਬਿਨੁ ਭਾਗਾ ਸਤਿਗੁਰ ਨਾ ਮਿਲੈ' ਪ੍ਰਾਪਤ ਨਹੀਂ ਹੋ ਸਕਦੀ ਤਾਂ ਹੀ ਤਾਂ 'ਜਨ ਨਾਨਕ ਕੋਟਨ ਮੈ ਕੋਊ' ਕਿਹਾ ਹੈ। ਗੁਰੂ ਨਾਨਕ ਸਾਹਿਬ ਦੀਆਂ ਬਾਕੀ ਮੰਜ਼ਲਾਂ, ਗਵਨੁ ਮਿਟਾਇਆ, ਅਨਹਤਿ ਰਾਤੇ ਇਹੁ ਮਨੁ ਲਾਇਆ, ਆਸਾ ਮਨਸਾ ਦਾ ਜਲਣਾ ਅਤੇ ਨਿਰੰਤਰ ਜੋਤ ਦਾ ਜਲਵਾਗਰ ਹੋਣਾ ਸਭ ਸਾਧ ਦੀ ਸਰਨ ਦੇ ਫਲ ਰੂਪ ਸਹਿਜ ਪ੍ਰਾਪਤੀ ਦੀਆਂ ਮੰਜ਼ਲਾਂ ਹਨ, ਜੋ ਸਿੱਖ ਨੂੰ ਝੁੰਗੇ ਵਿਚ ਪ੍ਰਾਪਤ ਹੋ ਜਾਂਦੀਆਂ ਹਨ। ਸਾਧ ਦੀ ਉਪਮਾ ਬਾਰੇ ਇਕ ਸਾਧ ਰੂਪ ਹੋਏ, ਬ੍ਰਹਮ ਗਿਆਨੀ ਮਹਾਂ ਪੁਰਸ਼ ਦੇ ਇਹ ਅਮੋਲਕ ਬਚਨ ਕਿੰਨੇ ਸਾਰਥਕ ਹਨ :—

1- ਸਾਧੂ ਬਿਨਾਂ ਜ਼ਿੰਦਗੀ ਨਾ ਬੰਦਗੀ ਪਰਵਾਨ ਵੇ,
ਸਾਧੂ ਭੁਲ ਜਾਵੇ ਮੇਰੀ ਨਿਕਲ ਜਾਵੇ ਜਾਨ ਵੇ,
ਕਾਫ਼ਰ ਹੋਕੇ ਮਰਨਾ, ਯਾਰ ਜਿਹੜੇ ਵੇਲੇ ਭੁਲਣਾ,
ਇਹੋ ਜਿਹਾ ਸਾਧੂ ਯਾਰ ਕਿਹੜੇ ਵੇਲੇ ਭੁਲਣਾ,
ਜਿਹੜੇ ਵੇਲੇ ਭੁਲੇ ਯਾਰ ਦਰ ਦਰ ਰੁਲਣਾ,

2- ਅੰਦਰ ਬਾਹਰ ਸਾਧੂ ਮੇਰਾ ਇਕੋ ਜਿਹਾ ਬੋਲਦਾ,
ਮੁਖ ਨਾਲ ਬਚਨ ਬੋਲੇ ਨੂਰ ਨਾਲ ਬੋਲਦਾ,
ਸਾਧੂ ਬਿਨਾਂ ਹੋਰ ਨਾਂ ਖ਼ੁਦਾ ਕੋਈ ਲਭਣਾ,
ਇਹੋ ਜਿਹਾ ਸਾਧੂ ਯਾਰ ਕਿਹੜੇ ਵੇਲੇ ਭੁਲਣਾ,
ਜਿਹੜੇ ਵੇਲੇ ਭੁਲੇ ਯਾਰ ਦਰ ਦਰ ਰੁਲਣਾ, !

ਆਸਾ ਦੀ ਵਾਰ ਦਾ ਆਰੰਭ ਬਲਿਹਾਰੀ ਗੁਰ ਆਪਣੇ ਨਾਲ ਹੁੰਦਾ ਹੈ। ਇਕ ਪਉੜੀ ਵਿਚ, ਬਿਨੁ ਸਤਿਗੁਰ ਕਿਨੈ



Namdhari Elibrary NamdhariElibrary@gmail.com

ਨ ਪਾਇਓ, ਕਹਿ ਕੇ ਮੁੜ ਅੰਤਮ ਮੁਹਰ ਲਾ ਦਿੱਤੀ ਹੈ 'ਬਿਨੁ ਸਤਿਗੁਰ ਕਿਨੈ ਨ ਪਾਇਓ, ਕਿਉਂਕਿ 'ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ।'

ਇਸ ਤਰ੍ਹਾਂ ਸਾਧ ਦੀ ਉਪਮਾ ਤਾਂ ਗੁਰੂ ਅਰਜਨ ਦੇਵ ਜੀ ਤੋਂ ਪੁਛਣੀ ਬਣਦੀ ਹੈ। ਸੁਖਮਣੀ ਦੇ ਇਹ ਅੰਮ੍ਰਿਤ ਬਚਨ ਕਿ ਸਾਧ ਮਿਲਿਆਂ ਮਨੁਖ ਦਾ ਨਿਸਤਾਰਾ ਯਕੀਨੀ ਹੈ :—

ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥
ਸਾਧ ਸੰਗਿ ਸਰ ਪਰ ਨਿਸਤਰੈ ॥

ਕਿਉਂਕਿ 'ਗੁਰ ਪਰਮੇਸਰੁ ਏਕ ਹੈ' ਅਨੁਸਾਰ ਸਾਧ ਅਤੇ ਪ੍ਰਭੂ ਵਿਚ ਕੋਈ ਭੇਦ ਵੀ ਤਾਂ ਨਹੀਂ :-

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥

ਸਪੱਸ਼ਟ ਹੈ ਸਾਧ ਅਰਥਾਤ ਗੁਰੂ ਤੋਂ ਬਿਨਾਂ ਕੋਈ ਵੱਖਰਾ ਖੁਦਾ ਢੂੰਡ ਰਹੀ ਲੁਕਾਈ ਕੁਰਾਹੇ ਪਈ ਹੈ। ਉਸ ਦੀ ਇਕੋ ਇਕ ਮੰਗ ਹੋਣੀ ਚਾਹੀਦੀ ਹੈ :—

ਗੁਰੂ ਕੋਲੋਂ ਚਲ ਪਿਆਰ ਕੀ ਮੰਗੀਏ
ਗੁਰੂ ਦੀ ਜੁਦਾਈ ਨਾਲੋਂ ਮੌਤ ਚੰਗੀ ਏ

ਬ੍ਰਹਮ ਗਿਆਨੀ ਸਾਧੂ ਦੀ ਉਪਮਾ ਦਾ ਅੱਧਾ ਅਖਰ ਵੀ ਵੇਦਾਂ ਗ੍ਰੰਥਾਂ ਵਿਚ ਨਹੀਂ ਆਇਆ। ਬ੍ਰਹਮ ਗਿਆਨੀ ਜਦ ਆਪ ਪਰਮੇਸ਼ਰ ਹੈ, ਉਸ ਦੀ ਵਡਿਆਈ 'ਜੋ ਜਾਨਹਿ ਸੋ ਤਿਸ ਹੀ ਜੇਹਾ' ਅਨੁਸਾਰ ਕਿਸੇ ਬ੍ਰਹਮ ਗਿਆਨੀ ਦੇ ਹਿੱਸੇ ਹੀ ਆਈ ਹੈ, ਉਸ ਸਭ ਸ੍ਰਿਸਟਿ ਕੇ ਕਰਤੇ ਨੂੰ ਸਦ ਨਮਸਕਾਰ ਹੀ ਬਣਦੀ ਹੈ। ਕਿਉਂਕਿ 'ਗੁਰ ਪ੍ਰਸਾਦਿ'ਹੀ ਹਰ ਪ੍ਰਾਪਤੀ ਦਾ ਸਾਧਨ ਹੈ। ਇਸ ਸਾਧਨ ਦੀ ਬੁਕਲ ਵਿਚ ਮੰਜ਼ਲ ਲੁਕੀ ਹੈ। ਇਸੇ ਦੇ ਇਕ ਘੜੀ ਵਿਛੋੜੇ ਨਾਲ ਕਲਜੁਗ ਵਾਪਰਦਾ ਹੈ। ਇਸ ਦੇ ਮਿਲਣ ਨਾਲ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ।

'ਸਾਧ ਦੀ ਸਰਨ' ਦੀ ਲੋੜ ਤਾਂ ਨਿਰਵਿਵਾਦ ਹੈ। ਜੁਗਾਂ ਜੁਗਾਂਤਰਾਂ ਤੋਂ ਬਣੀ ਆ ਰਹੀ ਹੈ, ਹੈ ਤੇ ਰਹੇਗੀ। ਤਾਂ ਹੀ "ਕਰਿ ਸਾਧੂ ਅੰਜੁਲੀ ਪੁਨੁ ਵਡਾ ਹੈ" ਕਿਹਾ ਹੈ। ਜੁਗ ਅਵਤਾਰਾਂ ਜਿਹਾ ਕਿ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ ਲਈ ਵੀ ਸਾਧ ਦੀ ਸਰਨ ਅਰਥਾਤ ਮਹਾਂ ਰਿਸ਼ੀ ਵਸਿਸ਼ਟ ਅਤੇ ਦੁਰਬਾਸਾ ਜੀ ਦੀ ਚਰਨ-ਛੋਹ ਲਾਜ਼ਮੀ ਸੀ। ਕਬੀਰ ਜਿਸ ਦੇ ਪਿਛੇ ਲੱਗਾ ਹਰੀ, ਕਬੀਰ ਕਬੀਰ ਪੁਕਾਰਦਾ ਫਿਰਦਾ ਸੀ, ਉਸ ਨੂੰ ਅਵਿਨਾਸ਼ੀ ਰਾਜ ਦੀ ਪ੍ਰਾਪਤੀ ਨਾ ਹੋ ਸਕਦੀ ਜੇ ਰਾਮਾ ਨੰਦ ਜੀ ਦੀ ਠੋਕਰ ਨਾਲ ਇਹ ਆਦੇਸ਼ ਨਾ ਹੁੰਦਾ 'ਉਠ ਰਾਮ ਕੇ ਰਾਮ ਕਹੁ'। ਇਕ ਵਾਰਤਾ ਆਉਂਦੀ ਹੈ ਕਿ ਮਹਾਂ-ਰਿਸ਼ੀ ਵਿਆਸ ਦੇ ਪੁੱਤਰ ਸੁਖਦੇਵ ਸਵਾਮੀ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਦੇ ਬਾਵਜੂਦ ਅਤੇ ਵਿਸ਼ਨੂੰ ਜੀ ਦੇ ਦਰਬਾਰ ਵਿਚ ਸਿਧੀ ਰਸਾਈ ਦੇ ਹੁੰਦਿਆਂ ਵੀ ਬੈਕੁੰਠ ਤੋਂ ਵਾਪਸ ਮਾਤ ਲੋਕ ਭੇਜ ਦਿੱਤਾ ਗਿਆ ਸੀ, ਕਿ ਉਹ ਨਿਗੁਰਾ ਹੈ, ਗੁਰੂ ਧਾਰਣ ਕਰਨ ਦੀ ਸ਼ਰਤ ਤੋਂ ਬ੍ਰਹਮ ਗਿਆਨ ਪ੍ਰਾਪਤ ਮਨੁੱਖ ਨੂੰ ਵੀ ਛੋਟ ਨਹੀਂ ਸੀ ਦਿੱਤੀ ਜਾ ਸਕੀ।

ਹੁਣ ਸਵਾਲ ਇਹ ਹੈ ਕਿ ਕੀ ਸਿੱਖ ਗੁਰੂ ਦੀ ਸ਼ਰਨ ਜਾਂਦਾ ਹੈ, ਜਾਂ ਗੁਰੂ ਸਿਖ ਨੂੰ ਭਾਲਦਾ ਹੈ ਤੇ ਮਿਹਰ ਕਰਦਾ ਹੈ। ਮੇਰਾ ਇਸ ਹੁਕਮ ਤੇ ਦ੍ਰਿੜ ਵਿਸ਼ਵਾਸ ਹੈ ਕਿ:—

'ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਇਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥

ਮਨੁਖ ਹਜ਼ਾਰ ਲੋਚੀ ਜਾਵੇ, ਗੁਰੂ ਦੀ ਭਾਲ ਕਰਦਾ ਜਾਵੇ, ਨਹੀਂ ਭਾਲ ਸਕਦਾ, ਇਹ ਤਾਂ ਅਜ਼ਲਾਂ ਦੇ ਨਿਹੋਂ ਹਨ, ਕ੍ਰਿਸ਼ਨ ਆਪਣੀਆਂ ਗੋਪੀਆਂ ਨੂੰ ਇਸ ਧਰਤੀ ਤੇ ਆਪ ਨਾਲ ਲੈ ਕੇ ਆਉਂਦਾ ਹੈ, ਉਹ ਤਾਂ 'ਬਾਂਹਿ ਪਕਰਿ ਕਢਿ ਲੀਨੈ ਅਪਣੇ' ਵਾਲੀ ਬਾਤ ਹੈ। ਉਸ ਮਿਹਰਾਂ ਦੇ ਸਾਂਈ ਦੀ ਕਿਰਪਾ ਕਟਾਖਸ਼ ਅਵਲੋਕਨ ਕਰਨ ਦੀ ਦੇਰ ਹੈ, ਗੋਪੀਆਂ ਵਾਂਗ ਕ੍ਰਿਸ਼ਨ ਦੀ ਬੰਸਰੀ ਸੁਣ, ਯਾਰੜੇ ਦੀ ਸੱਦ ਸੁਣ ਮਨੁਖ ਧਾਹੇ ਧਾਹੀ ਭਜ ਕੇ ਸਰਨ ਆ ਪੈਂਦਾ ਹੈ। ਗੁਰੂ ਅਤੇ ਸਿਖ ਦੀ ਜੋੜੀ ਅਟੁਟ ਹੈ। ਸਾਧ ਨੂੰ ਅਰਥਾਤ ਸ਼ਹੁ ਨੂੰ ਮਿਲਦੇ ਸਾਰ ਇਹ ਜੀਵਆਤਮਾ ਸੁਹਾਗਣ ਬਣ ਜਾਂਦੀ ਹੈ, ਫਿਰ 'ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ' ਵਾਲੀ ਦਸ਼ਾ ਹੁੰਦੀ ਹੈ। ਓਦੋਂ ਸੁਹਾਗਣੀ ਦੀ ਹੋਰ ਝਾਕ ਮੁਕ ਜਾਂਦੀ ਹੈ, ਚਕੋਰਾਂ ਦੀ ਪ੍ਰੀਤ ਵਾਂਗ ਇਕ ਟਕ ਆਪਣੇ ਚੰਨ ਨੂੰ ਨਿਹਾਰਨਾ ਉਸ ਦਾ ਧਰਮ ਬਣ ਜਾਂਦਾ ਹੈ। ਜਿਨ੍ਹਾਂ ਲੜ ਲਗੀਆਂ, ਅਰਥਾਤ ਤਨ, ਮਨ, ਧਨ ਸਭ ਸੌਂਪ ਗੁਰ ਕੋ ਉਸੇ ਦੀਆਂ ਹੋਈਆਂ ਰੂਹਾਂ ਬਾਰੇ ਹੀ ਗੁਰੂ ਨਾਨਕ ਸਾਹਿਬ ਦੇ ਉਪਰ ਦਿੱਤੇ ਕਥਨ ਅਨੁਸਾਰ ਉਨ੍ਹਾਂ ਦਾ ਗਵਨ ਮਿਟਾਇਆ ਵਾਲੀ ਗੱਲ ਹੋ ਜਾਂਦੀ ਹੈ, ਸਤਿਗੁਰੂ ਤੋਂ ਪ੍ਰਾਪਤ ਹੋਏ ਨਾਮ ਦਾ ਸਦਕਾ ਅਨਹਦਿ ਰਾਤੇ ਮਨ ਲਗ ਜਾਂਦਾ ਹੈ। ਉਹ ਅਨਹਦ ਸ਼ਬਦ ਹੀ ਲਗੇ ਹੋਏ ਮਨ ਦੀ ਆਸਾ ਮਨਸਾ ਨੂੰ ਜਲਾ ਦੇਂਦਾ ਹੈ ਅਤੇ ਅੰਦਰੋਂ ਜੋਤ ਨਿਰੰਤਰ ਜਗ-ਮਗ ਕਰਨ ਲਗ ਪੈਂਦੀ ਹੈ। ਪਰ ਸ਼ਰਤ ਇਹ ਹੈ ਕਿ



Namdhari Elibrary NamdhariElibrary@gmail.com

ਸਾਧੂ ਪਿਛੇ ਕਮਲੀ ਜਿਹੜੀ ਉਸ ਦੇ ਹਿਰਦੇ ਗਾਂਦਾ ਨੀ
ਬੇ ਮੁਹਤਾਜਾ ਸਾਧੂ ਵਾਲਾ ਸ਼ਹਿਨਸ਼ਾਹ ਕਹਾਂਦਾ ਨੀ

ਕਮਲਾ ਤਾਂ ਹੋਣਾ ਹੀ ਪੈਣਾ ਹੈ। ਕਿਹੜਾ ਮੁਰੀਦ ਜੋ ਕਮਲਾ ਨਾਹੀਂ, ਗੁਰੂ ਨਾਨਕ ਪਿਛੇ ਗੁਰੂ ਅੰਗਦ ਕਮਲਾ, ਗੁਰੂ ਅੰਗਦ ਪਿਛੇ ਗੁਰੂ ਅਮਰਦਾਸ ਕਮਲਾ, ਜੋ ਕਹਿੰਦਾ ਹੈ, 'ਮੈ ਬਿਨੁ ਗੁਰ ਦੇਖੇ ਨੀਂਦ ਨ ਆਵੈ' ਗੁਰੂ ਰਾਮ ਦਾਸ ਪਿਛੇ ਗੁਰੂ ਅਰਜਨ ਕਮਲਾ, ਜੋ ਪੁਕਾਰ ਪੁਕਾਰ ਕਹਿ ਉਠਿਆ ਸੀ :—

'ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ'

ਇਸ ਲਈ ਕਮਲਾ ਹੋਣਾ ਜ਼ਰੂਰੀ ਹੈ। ਅਸਲ ਵਿਚ ਕਮਲਾ ਤਾਂ ਉਹ ਆਪ ਹੀ ਕਰੀ ਰਖਦਾ ਹੈ। ਜਿਸਨੂੰ ਅੰਦਰ ਬਾਹਰ, ਮਾਹੀ, ਮਾਹੀ ਹੀ ਦਿਸਦਾ ਹੋਵੇ, ਜਿਸਦੇ ਨੇਤਰ ਅੰਦਰ ਬਾਹਰ ਇਕ ਟਕ ਮਾਹੀ ਨੂੰ ਨਿਹਾਰਦੇ ਹੋਣ, ਜਿਸਦੇ ਕੰਨਾਂ ਵਿਚ ਮਾਹੀ ਦੀ ਸੱਦ ਦੀ ਨਿਰੰਤਰ ਘੁੰਮਕਾਰ ਪੈਂਦੀ ਹੋਵੇ, ਜਿਸਨੂੰ "ਰਾਜ ਮਾਹੀ ਵਾਲੇ ਤੋਂ ਨਾ ਛੁਟੀ ਮਿਲਦੀ" ਅਸਲ ਗੱਲ ਤਾਂ ਉਸੇ ਦੀ ਹੈ। ਛੁਟੀ ਹੁੰਦੀ ਤਾਂ ਛੁਟੜ ਹੋ ਗਈ, ਸਿੱਖ ਦਾ ਧਰਮ ਹੈ "ਜਿਸਦੀ ਸਰਨ ਲਵੇ" ਉਸੇ ਵਿਚ ਸਵੇਂ, ਖਾਵੇ, ਉਠੇ ਅਤੇ ਬੈਠੇ। ਜਿਸਨੂੰ ਇਸ ਸੁਪਣੇ ਰੂਪੀ ਸੰਸਾਰ ਵਿਚ ਸਾਧੂ ਮਿਲ ਪਿਆ ਹੈ ਉਸੇ ਦੇ ਅੰਦਰ ਨਿਰੰਤਰ ਵਧਾਈਆਂ ਵਜ ਉਠਦੀਆਂ ਹਨ। ਇਸ ਲਈ ਕਿਹਾ ਗਿਆ ਹੈ :—

ਮੇਰਾ ਸਾਧੂ ਜਿਨ੍ਹੂੰ ਸੁਪਣੇ ਮਿਲਿਆ
ਅਟੱਲ ਸੁਹਾਗ ਓਹਦਾ ਕਦੇ ਨਾ ਟਲਿਆ
ਹਰ ਵੇਲੇ ਮਿਲਣ ਵਧਾਈਆਂ ਵੇ ਸਾਧੂ
ਜੋ ਜੋ ਸ਼ਰਨ ਤੇਰੀ ਪਈਆਂ।

ਸਰਨ ਪੈਕੇ ਪੂਰਨ ਆਤਮ ਸਮਰਪਣ ਉਪਰੰਤ ਹੀ ਕਿਹਾ ਜਾ ਸਕਦਾ ਹੈ :—

ਸਾਧੂ ਕੇ ਠਾਢੀ ਦਰਬਾਰਿ ॥
ਸਰਨ ਤੇਰੀ ਮੋਕਉ ਨਿਸਤਾਰਿ ॥
ਅਬ ਹਮ ਚਲੀ ਠਾਕੁਰ ਪੈ ਹਾਰ ॥
ਜਬ ਹਮ ਸਰਣਿ ਪ੍ਰਭੂ ਕੀ ਆਈ, ਰਾਖੁ ਪ੍ਰਭੂ ਭਾਵੈ ਮਾਰਿ ॥

ਤਾਂ ਹੀ ਫਿਰ ਸਿੱਖ ਗੁਰੂ ਦੀ ਸਿਖਿਆ ਮੰਨਕੇ ਆਪਣਾ ਨਿਸ਼ਾਨਾ ਸਿੱਧਾ ਕਰਦਾ ਹੈ। ਇਸ ਲਈ ਸਪੱਸ਼ਟ ਫ਼ਰਮਾਨ ਹੈ :—

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸ਼ਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥

ਇਹ ਤਾਂ ਓਵੇਂ ਦੀ ਹੀ ਬਾਤ ਹੈ, ਜਿਸਨੂੰ ਉਸਨੇ ਨਾਮ ਧਨ ਦਾ ਖਜ਼ਾਨਾ ਸੌਂਪ ਦਿੱਤਾ ਹੈ ਅਰਥਾਤ ਟਿਕਟ ਦੇ ਦਿੱਤੀ ਹੈ ਅਤੇ ਉਹ ਉਸ ਦੀ ਨਾਮ ਦੀ ਗੱਡੀ ਤੇ ਸਵਾਰ ਹੋ ਗਿਆ ਹੈ, ਹੁਣ ਚਾਹੇ ਉਹ ਗੱਡੀ ਵਿਚ ਸੁਤਾ ਰਹੇ, ਬੈਠਾ ਰਹੇ, ਖਲੋਤਾ ਰਹੇ, ਨਾਲ ਦਿਆਂ ਨਾਲ ਗਲੀਂ ਬਾਤੀਂ ਰੁਝਾ ਰਹੇ, ਆਉਣ ਵਾਲੇ ਸਟੇਸ਼ਨਾਂ ਤੇ ਬਾਹਰ ਤੁਰਿਆ ਫਿਰੇ, ਪਰ ਨਜ਼ਾਰਾ ਵੇਖ ਫਿਰ ਆਪਣੇ ਡਬੇ ਵਿਚ ਆ ਜਾਵੇ, ਉਸਦਾ ਮੰਜ਼ਲ ਤੇ ਪਹੁੰਚ ਜਾਣਾ ਯਕੀਨੀ ਹੈ। ਇਸ ਤਰ੍ਹਾਂ ਜਿਸਨੂੰ ਉਹ ਆਪਣਾ ਸਿੱਖ ਕਹਿ ਦੇਂਦਾ ਹੈ, ਉਹਦੇ ਮਸਤਕ ਦੀਆਂ ਲਕੀਰਾਂ ਮੇਟ ਨਵੀਆਂ ਪਾ ਦੇਂਦਾ ਹੈ, ਗੁਣ ਅਵਗੁਣ ਮੇਰਾ ਕਿਛੁ ਨਾ ਬਿਚਾਰਿਓ ਵਾਲੀ-ਦਸ਼ਾ ਹੁੰਦੀ ਹੈ, ਉਸਨੂੰ ਮੰਜ਼ਲ ਤੇ ਪਹੁੰਚਾਉਣਾ ਗੁਰੂ ਦਾ ਬਿਰਧ ਹੈ, ਉਹ ਨਿਰਸੰਦੇਹ ਲੜ ਲੱਗਿਆਂ ਦੀ ਲਜ ਪਾਲਦਾ ਹੈ। ਬਾਤ ਤਾਂ ਸਰਨ ਪੈਣ ਦੀ ਹੈ, ਇਸੇ ਲਈ ਕਿਹਾ ਹੈ ?

ਨਾਨਕ ਗੁਰ ਪੂਰੇ ਸਰਨਾਈ ॥
ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥

ਅਤੇ

ਆਦਿ ਮਧਿ ਜੋ ਅੰਤਿ ਨਿਬਾਹੈ ॥
ਸੋ ਸਾਜਨੁ ਮੇਰਾ ਮਨੁ ਚਾਹੈ ॥

ਹਿੰਦ ਦੀ ਚਾਦਰ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਹ ਇਲਹਾਮੀ ਬਚਨ—

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨ ਕਾਟੀ ਜਮ ਕੀ ਫਾਸੀ ॥,

ਕਿੰਨੇ ਸਾਰਥਕ ਹਨ ਅਤੇ ਮਨੁੱਖ ਨੂੰ ਸਿੱਧੇ ਗਾਡੀ ਰਾਹ ਤੇ ਪਾਉਂਦੇ ਹਨ, ਭਟਕਣ ਨਹੀਂ ਦੇਂਦੇ ਅਤੇ ਦ੍ਰਿੜ੍ਹ ਕਰਵਾਉਂਦੇ ਹਨ ਕਿ ਸਾਧ ਦੀ ਸਰਨ ਆਉਣ ਨਾਲ ਹੀ ਦੁਰਮਤ ਦਾ ਨਾਸ ਹੁੰਦਾ ਹੈ ਅਤੇ ਉਸ ਸਾਧ ਤੋਂ ਮਿਲ ਪਵਿਤਰ ਨਾਮ ਦੇ ਸਿਮਰਨ ਨਾਲ ਸਭ ਮੰਜ਼ਲਾਂ ਪਾਰ ਹੋ ਜਾਂਦੀਆਂ ਹਨ ਅਤੇ ਜਮਾਂ ਦੀ ਫ਼ਾਸੀ ਕਟੀ ਜਾਂਦੀ ਹੈ ਅਰਥਾਤ ਇਹ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।



Namdhari Elibrary NamdhariElibrary@gmail.com

ਹਜ਼ੂਰ ਦੀ ਵਿਚਾਰਧਾਰਾ ਅਨੁਸਾਰ ਉਸਨੂੰ ਭੁਲ ਜਾਣਾ ਕੁਫ਼ਰ ਹੈ। ਉਸਨੂੰ ਚੇਤੇ ਨਾ ਰਖਣਾ ਪਾਪ ਹੈ, ਜਿਸ ਤੋਂ ਸਦਾ ਡਰਦੇ ਰਹਿਣਾ ਚਾਹੀਦਾ ਹੈ। ਸਾਧੂ ਦੀ ਸਰਨ ਪਿਆਂ ਹੀ ਨਿਰਭੈ ਹੋ ਸਕੀਦਾ ਹੈ।

ਨਰ ਅਚੇਤ ਪਾਪ ਤੇ ਡਰੁ ਰੇ ॥

ਦੀਨ ਦਇਆਲ ਸਗਲ ਭੈ ਭੰਜਨ ਸ੍ਰਨਿ ਤਾਹਿ ਤੁਮ ਪਰੁ ਰੇ ॥

ਕਿਉਂਕਿ "ਸਾਧ ਸੰਗਿ ਤਰੀਜੈ ਸਾਗਰ",

ਇਸ ਲਈ ਸਾਧ ਸੰਗਤ ਨੂੰ ਹਜ਼ੂਰ ਨੇ ਲਾਜ਼ਮੀ ਕਰਾਰ ਦਿੱਤਾ ਹੈ ਅਤੇ ਸਾਧ ਦੀ ਸੇਵਾ ਲਗਿਆਂ ਹੀ ਚਾਰ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਇਥੇ ਸਾਧ ਸੰਗਤ ਦਾ ਭਾਵ ਚਾਰ ਨਾਮ-ਧਰੀਕ ਸਿੱਖਾਂ ਦਾ ਜੁੜ ਬੈਠਣਾ ਨਹੀਂ, ਇਹ ਤਾਂ ਸਾਧ ਦੀ ਸੰਗਤ ਦੀ ਬਾਤ ਹੈ, ਜੋ ਅੰਦਰ ਆਪਣੇ ਪ੍ਰੀਤਮ ਪਿਆਰੇ ਨਾਲ ਜੁੜਿਆ ਬੈਠਾ ਹੈ, ਜਿਸਦੇ ਗਿਆਨ ਦੇ ਅਤੇ ਬਾਹਰ ਦੇ ਨੈਣਾਂ ਵਿਚ ਉਸੇ ਦੀ ਮੂਰਤੀ ਬਿਰਾਜਮਾਨ ਹੈ, ਉਹ ਸਰੀਰ ਕਰਕੇ, ਭਾਵੇਂ ਇਕੱਲਾ ਬੈਠਾ ਹੋਵੇ ਹਕੀਕਤ ਵਿਚ ਸਾਧ ਸੰਗਤ ਮਾਨ ਕਿਹਾ ਹੈ। ਸਾਧ ਸੰਗਤ ਨਾਲ ਹੀ ਨਾਮਧਨ ਦੀ ਰਾਸ ਮਿਲਦੀ ਹੈ ਜਿਸ ਬਾਰੇ ਕਿਹਾ ਗਿਆ ਹੈ "ਕੇਵਲ ਨਾਮ ਸੰਗ ਤੇਰੇ ਚਲੈ"। ਇਸ ਨਾਮ ਅੰਮ੍ਰਿਤ ਦਾ ਖਜ਼ਾਨਾ ਕੇਵਲ ਗੁਰੂ ਪਾਸ ਹੈ, ਜੋ ਦੋਹੀਂ ਹੱਥੀਂ ਲੁਟਾਂਦਾ ਸਾਰੀ ਲੁਕਾਈ ਤੇ ਮਿਹਰ ਰੂਪ ਹੋ ਵੱਸ ਪੈਂਦਾ ਹੈ। ਇਸ ਲਈ ਕਿਹਾ ਹੈ :—

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥

ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥

'ਸਾਧ ਸੰਗਿ ਖਿਨ ਮਾਹਿ ਉਧਾਰੇ ਜਾਂ "ਤਿਸ ਸਰਣਾਈ ਛੁਟੀਐ" ਅਨੁਸਾਰ ਇਹ ਜਾਣਦੇ ਹੋਏ ਕਿ

"ਬਿਨਾ ਸਰਨ ਤਾਕੀ ਨ ਅਉਰੈ ਉਪਾਏ"

ਮੁੜ ਮੁੜ ਮਨ ਨੂੰ ਸਾਧੂ ਦੀ ਸਰਨ ਜਾਣ ਤੇ ਜ਼ੋਰ ਦੇਂਦੇ ਹੋਏ ਸਾਹਿਬ ਫ਼ਰਮਾਉਂਦੇ ਹਨ ਕਿ ਸਰਨ ਪੈਕੇ ਨਾਮ ਜਪਣ ਵਾਲੇ ਦੇ ਸਭ ਪਾਪਾਂ ਦਾ ਨਾਸ ਹੋ ਜਾਂਦਾ ਹੈ। ਵੇਸ਼ੀਆ ਦਾ ਵੀ ਸਹਿਜ ਨਿਸਤਾਰਾ ਹੋ ਸਕਦਾ ਹੈ :—

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ।

ਜਿਹ ਸਿਮਰਤ ਗਨਕਾ ਸੀ ਉਧਰੀ ਤਾਕੋ ਜਸੁ ਉਰਧਾਰੋ ॥

ਤੇ ਫਿਰ ਹਜ਼ੂਰ ਬਾਹਰ ਭਟਕਦੇ ਨੂੰ ਧਰਵਾਸ ਦੇਕੇ ਅੰਤਰ ਮੁਖੀ ਵਿਚਰਨ ਦਾ ਉਪਦੇਸ਼ ਦੇਂਦੇ ਹੋਏ ਕਹਿੰਦੇ ਹਨ ਕਿ ਪ੍ਰੀਤਮ ਪਿਆਰੇ ਦੀ ਬਾਹਰੀ ਸਰਨ ਦੇ ਨਾਲ ਅੰਤਰ ਆਤਮੇ ਵੀ ਉਸੇ ਦੀ ਸਰਨ ਰਹਿਣਾ ਚਾਹੀਦਾ ਹੈ। ਕਿਉਂਕਿ ਉਹ ਪ੍ਰੀਤਮ ਪਿਆਰਾ, ਘਟ ਘਟ ਵਾਸੀ, ਫੁੱਲ ਵਿਚ ਵਾਸ਼ਨਾ ਵਾਂਗ ਤੇਰੇ ਅੰਦਰ ਵੀ ਵਸਦਾ ਹੈ। "ਬਾਹਰਿ ਟੋਲੈ ਸੋ ਭਰਮਿ ਭੁਲਾਈ" ਵਾਲਾ ਤੇਰਾ ਇਹ ਭਰਮ ਵੀ ਗੁਰੂ ਦੀ ਕਿਰਪਾ ਨੇ ਹੀ ਕੱਟਣਾ ਹੈ :—

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ੧ ॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥

ਇਹ ਭਰਮ ਦੀ ਕਾਈ ਤਾਂ ਹੀ ਮਿਟਦੀ ਹੈ, ਜਦੋਂ ਮਨੁੱਖ ਮਾਲਕ ਦੀ ਸਰਨ ਆਉਂਦਾ ਹੈ ਅਤੇ 'ਹੁਕਮ ਅਦੂਲੀ ਕਰਨੀ ਗਲ ਸ਼ਰਮ ਦੀ' ਮੰਨਦਾ ਹੈ। ਮਾਲਕ ਦੇ ਉਪਦੇਸ਼ ਦੀ ਕਮਾਈ ਨੂੰ ਲਾਜ਼ਮੀ ਕਰਾਰ ਦੇਂਦੇ ਸਾਹਿਬਾਂ ਫ਼ਰਮਾਇਆ ਹੈ—

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥

ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥

ਇਸ ਬਹੁਤ ਵੱਡੀ ਟੇਕ ਜਿਸ ਵਿਚ ਸਹਿਜ ਪ੍ਰਾਪਤੀ ਦਾ ਦਾਅਵਾ ਹੈ ਅਤੇ ਜੋ ਸਿੱਖ ਨੂੰ ਸਰਨ ਆਕੇ ਪ੍ਰਾਪਤ ਹੋਵੀ ਹੈ, ਉਹ ਹੈ, ਹਰ ਔਕੜ ਸਮੇਂ ਆਪਣੇ ਮਾਲਕ ਪਾਸ ਅਰਦਾਸ :—

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ
ਨਿਧਿ ਤੇਰੀ ॥

ਜੋ ਮਨੁਖ ਸਾਧ ਦੀ ਸਰਨ ਨਹੀਂ ਆਇਆ ਅਤੇ ਉਸ ਦੇ ਨਾਮ ਤੋਂ ਗਾਫ਼ਲ ਹੈ ਉਸ ਦੇ ਸਾਰੇ ਤੀਰਥ ਕੀਤੇ, ਵਰਤ ਰਖੇ, ਜੋਗ ਅਤੇ ਜੱਗ ਕੀਤੇ ਸਭ ਨਿਸਫ਼ਲ ਹਨ, ਹਉਮੈ ਦੀ ਅਗਨੀ ਵਿਚ ਹੋਰ ਬਾਲਣ ਸੁਟੀ ਜਾਣ ਵਾਲੀ ਬਾਤ ਹੀ ਤਾਂ ਹੈ :—

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀਂ ਆਵੈ ॥

ਜੋਗੁ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥

ਅਤੇ ਇਨ੍ਹਾਂ ਨੂੰ ਨਿਹਫਲ ਕਹਿ ਕੇ ਫਿਰ ਦ੍ਰਿੜ ਕਰਵਾਇਆ ਕਿ ਇਨ੍ਹਾਂ ਰਾਹੀਂ ਮਨ ਦੇ ਵੱਸ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਇਨ੍ਹਾਂ ਰਾਹੀਂ ਮਨ ਕਾਬੂ ਨਹੀਂ ਕੀਤਾ ਜਾ ਸਕਦਾ ਤਾਂ ਅਜਿਹੇ ਧਰਮ ਨੂੰ ਮਨੁਖ ਦੂਰੋਂ ਹੀ ਸਲਾਮ ਕਿਉਂ ਨਾ ਕਰ ਦੇਵੇ :—



Namdhari Elibrary NamdhariElibrary@gmail.com

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮ ਤਾਹਿ ਤੁਮ ਮਾਨੋ ਸਾਚੁ ਕਹਤ ਮੈ ਯਾਕਉ ॥

ਉਸ ਦੀ ਸਰਨ ਦੀ ਕਿਰਪਾ ਨਾਲ ਹੀ ਇਕ ਚਿਤ ਹੋ ਕੇ ਇਕ ਛਿਨ ਧਿਆਉਣ ਨਾਲ ਵੀ ਕਾਲ ਫਾਸ ਤੋਂ ਬਚਿਆ ਜਾ ਸਕਦਾ ਹੈ, ਜਮਾਂ ਦੇ ਭੈ ਤੋਂ ਛੁਟਕਾਰਾ ਮਿਲ ਸਕਦਾ ਹੈ :—

ਰਾਮ ਨਾਮੁ ਨਰ ਨਿਸਿ ਬਾਸੁਰ ਮਹਿ ਨਿਮਖ ਏਕ ਉਰਧਾਰੈ ॥
ਜਮ ਕੋ ਤ੍ਰਾਸ ਮਿਟੈ ਨਾਨਕ ਤਿਹ ਅਪਨੋ ਜਨਮੁ ਸਵਾਰੈ ॥

ਪਰ ਇਕ ਚਿਤ ਹੋਣਾ ਮਨੁਖ ਦੇ ਵੱਸ ਦਾ ਰੋਗ ਕਿਥੇ । ਮਨੁਖ ਦੇ ਮਨ ਤੇ ਇਸ ਭਰਮ ਨੇ ਆਪਣਾ ਸਾਮਰਾਜ ਸਥਾਪਤ ਕੀਤਾ ਹੋਇਆ ਹੈ ਕਿ ਜਦੋਂ ਅੰਤ ਸਮੇਂ ਨਾਰਾਇਣ ਸਿਮਰਨ ਨਾਲ ਕੰਮ ਸਰ ਜਾਣਾ ਹੈ ਤਾਂ ਇਹ ਕਿਹੜੀ ਔਖੀ ਗੱਲ ਹੈ, ਪਰ ਉਹ ਇਸ ਗੱਲ ਤੋਂ ਪੂਰੀ ਤਰ੍ਹਾਂ ਗਾਫ਼ਲ ਹੈ ਕਿ ਅੰਤ ਸਮੇਂ ਨਾਰਾਇਣ ਉਹੀ ਕਹਿੰਦੇ ਹਨ, ਜਿਨ੍ਹਾਂ ਦਾ ਰੋਮ ਰੋਮ ਨਿਰੰਤਰ ਹਰ ਧਿਆਉਂਦਾ ਹੈ ਅਤੇ ਅੰਤ ਸਮੇਂ ਦੀ ਚਿੰਤਾ ਹੀ ਨਹੀਂ ਹੁੰਦੀ ਕਿਉਂਕਿ ਉਹ ਤਾਂ ਹਰ ਸਮਾਂ ਅੰਤ ਸਮਾਂ ਹੀ ਮੰਨਦੇ ਹਨ ।

ਸਾਹਿਬਾਂ ਨੇ ਫ਼ਰਮਾਇਆ ਹੈ ਕਿ ਸਰਨ ਵੀ ਇਸੇ ਭਰੋਸੇ ਤੇ ਪਿਆ ਜਾਂਦਾ ਹੈ ਕਿ ਉਹ ਕਿਰਪਾਨਿਧ ਸਦਾ ਅੰਗ ਸੰਗ ਰਹੇਗਾ, ਆਪਣੇ ਸਿਖ ਨੂੰ ਸਾਸ ਸਾਸ ਸਮਾਰੇਗਾ ਅਤੇ ਵਿਸ਼ਵਾਸ ਹੈ ਕਿ 'ਅੰਤਰਜਾਮੀ ਸੋ ਪ੍ਰਭ ਪੂਰਾ ॥ ਦਾਨੁ ਦੇਇ ਸਾਧੂ ਕੀ ਧੂਰਾ' ॥ ਇਸ ਲਈ ਫਰਮਾਇਆ ਹੈ ।

ਜਿਹ ਨਰ ਜਸੁ ਕਿਰਪਾਨਿਧਿ ਗਾਇਓ ਤਾਕਉ ਭਇਓ ਸਹਾਈ ॥
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨ ਸਰਨਾਈ ॥

ਅਸਲ ਵਿਚ ਉਸ ਸਿਖ ਤੇ ਕੋਈ ਇਹਸਾਨ ਵਾਲੀ ਗੱਲ ਨਹੀਂ ਰਹਿ ਜਾਂਦੀ, ਜਿਸ ਲਈ, ਉਸਦੀ ਯਾਦ ਹੀ ਸਰਵਸਵ ਹੈ, ਜਿਸ ਲਈ 'ਹੁਣੇ ਮਿਲਦੇ ਮੇਰਾ ਪਿਆਰਾ, ਇਹੋ ਆਸ ਮੇਰੀ ਜਿੰਦਗੀ' ਵਾਲੀ ਬਾਤ ਹੈ ਅਤੇ ਜਿਸ ਨੂੰ ਇਹ ਯਕੀਨ ਹੈ ਕਿ 'ਹਮ ਤੋ ਜਿਸਕੋ ਸਦਾ ਬੁਲਾਤੇ ਵੋਹ ਕੈਸੇ ਨਾਰਾਜ਼ ਹੈ' । ਇਸ ਤਰ੍ਹਾਂ ਸਰਨ ਆਏ ਦੀ ਸਦੈਵ ਰਖਿਆ ਤਾਂ ਉਸਦਾ ਆਪਣਾਂ ਬਿਰਦ ਤੇ ਵਡਿਆਈ ਹੈ । ਇਸ ਲਈ ਉਸਦੇ ਅੰਗ ਸੰਗ ਰਹਿਣ ਕਾਰਣ ਮਨੁਖ ਕੋਈ ਖੋਟਾ ਕਰਮ ਕਰ ਹੀ ਨਹੀਂ ਸਕਦਾ । ਉਸ ਨੂੰ ਵਿਸ਼ਵਾਸ ਹੋ ਚੁਕਾ ਹੁੰਦਾ ਹੈ ਕਿ 'ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ' ਅਤੇ ਉਹ ਜਾਣਦਾ ਹੈ 'ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰ-ਗਰਾਮੀ ਕੀਆ' ਵਾਲੀ ਬਾਤ ਹੈ ।

ਆਖਰ ਦੋ ਜਹਾਨ ਵਾਲੀ, ਨਿਰਵੈਰਤਾ ਪੁੰਜ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਇਸ ਬਾਰੇ ਅੰਤਮ ਮੋਹਰ ਲਾਕੇ ਕਹਿੰਦੇ ਹਨ ਕਿ ਸਥਿਰ ਰਹਿਣ ਵਾਲੀ ਸਰਬੋਤਮ ਵਸਤੂ ਕੇਵਲ ਨਾਮ ਹੈ, ਜਿਸ ਨਾਲ ਜਾਣਾਂ ਹੈ ਅਤੇ ਜਿਸ ਨੇ ਹੀ ਸਰਨ ਪਿਆਂ ਦੀ ਇਥੇ ਉਥੇ ਸਹਾਇਤਾ ਕਰਨੀ ਹੈ :—

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ ॥

ਹੁਣ ਸਵਾਲ ਇਕੋ ਹੀ ਰਹਿ ਜਾਂਦਾ ਹੈ ਕਿ ਜਿਸ ਬਾਰੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ 'ਸਾਧੂ ਰਹਿਓ' ਕਿਹਾ ਹੈ ਉਹ ਥਿਰ ਸੋਹਾਗ ਵਾਲਾ ਬ੍ਰਹਮ-ਗਿਆਨੀ ਸਾਧ ਕੌਣ ਹੋ ਸਕਦਾ ਹੈ ? ਉਹ ਸਾਧ ਤਾਂ ਨਿਰਸੰਦੇਹ ਉਹੀ ਹੋ ਸਕਦਾ ਹੈ ਜੋ ਜ਼ੁਲਮ ਦੀ ਰੋਟੀ ਵਿਚੋਂ ਲਹੂ ਕੱਢ ਕੇ ਵਿਖਾ ਸਕਦਾ ਹੈ, ਜੋ ਰਾਖਸ਼ਾਂ ਤੇ ਠਗਾਂ ਨੂੰ ਤਾਰ ਸਕਦਾ ਹੈ, ਮੱਕਾ ਫਿਰਾ ਸਕਦਾ ਹੈ, ਵਲੀ ਕੰਧਾਰੀ ਦੇ ਪਹਾੜ ਨੂੰ ਪੰਜੇ ਨਾਲ ਠੱਲ ਸਕਦਾ ਹੈ । ਜਾਂ ਉਹੀ ਹੋ ਸਕਦਾ ਹੈ, ਜੋ ਆਪਣੇ ਮਾਲਕ ਦੇ ਹੁਕਮ ਹੁੰਦਿਆਂ ਸਾਰ ਮੁਰਦਾ ਖਾਣ ਨੂੰ ਉਤਾਵਲਾ ਦਿਸਦਾ ਹੈ । ਜਾਂ ਉਹੀ ਹੋ ਸਕਦਾ ਹੈ ਜੋ ਦੋ ਜਹਾਨ ਵਾਲੀ ਹੁੰਦਾ ਹੋਇਆ ਵੀ ਆਪਣੇ ਸਮੇਂ ਤਕ ਸਿਖ ਪ੍ਰਤਿ ਇਕ ਪੈਸੇ ਦੇ ਹਿਸਾਬ ਵਾਈ ਪੈਸੇ ਦੇ ਕੇ ਸਪੱਸ਼ਟ ਕਰਦਾ ਹੈ ਕਿ ਸਿੱਖ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਉਹ ਆਪ ਅਗੇ ਔਧੇ ਸਿੱਖ ਹੀ ਹਨ । ਜਾਂ ਉਹ ਹੋ ਸਕਦਾ ਹੈ ਜੋ ਆਦਿ ਅੰਤ ਦੀ ਮਿਹਰਹਿਮਤ ਦਾ ਅਲਮ ਬਰਦਾਰ ਬਖਸ਼ਸ਼ਾਂ ਦੇ ਖ਼ਜ਼ਾਨੇ ਲੁਟਾਂਦਾ ਅੰਮ੍ਰਿਤ ਦਾ ਸਰੋਵਰ ਤਕ ਦੇ ਸਕਦਾ ਹੈ, ਜਾਂ ਜੋ ਤੱਤੀ ਰੇਤ ਦੇ ਤਪਦਿਆਂ ਚਰਿਆਂ ਨੂੰ ਮੋਤੀ ਸਮਝ ਕੇ ਗਲੇ ਲਾਉਣ ਤੋਂ ਨਹੀਂ ਹਿਚਕਚਾਉਂਦਾ, ਜਾਂ ਜੋ ਜਬਰ ਦੀਆਂ ਬਧੀਆਂ ਛੁੜਾ ਸਕਦਾ, ਮਸਤਕ ਤੇ ਲਿਖੀਆਂ ਧੁਰ ਦੀਆਂ ਲਕੀਰਾਂ ਬਦਲ ਸਕਦਾ ਹੈ, ਸੁਪਨੇ ਵਿਚ ਜਨਮਾਂ ਦੇ ਗੇੜ ਮੁਕਾ ਸਕਦਾ ਹੈ, ਜਾਂ ਜੋ ਹਲਤ ਪਲਤ ਕਾ ਰਾਖਾ ਮਿਹਰ ਦੀ ਨਜ਼ਰ ਨਾਲ ਤਾਰ ਸਕਦਾ ਹੈ ਜਾਂ ਜੋ ਕਿਸੇ ਘਾਹੀ ਦੇ ਸਿਰ ਤੇ ਛੜੀ ਰੱਖ ਸਾਰੀ ਗੀਤਾ ਦੇ ਅਰਥ ਕਰਵਾ ਸਕਦਾ ਹੈ, ਜਿਸ ਦਾ ਧਿਆਨ ਕਰਨ ਨਾਲ ਸਭ ਦੁਖ ਦੂਰ ਹੋ ਜਾਂਦੇ ਹਨ । ਗੁਰੂ ਸਾਹਿਬਾਂ ਦਾ ਸਾਧ ਬਾਰੇ ਇਸ਼ਾਰਾ ਤਾਂ ਨਿਰਸੰਦੇਹ 22 ਮੰਜੀਆਂ ਲਾ ਕੇ ਗੁਰੂ ਬਣੀ ਬੈਠੇ ਪਖੰਡੀ ਸਾਧੂਆਂ ਵੱਲ ਨਹੀਂ, ਸਾਧੂ ਤਾਂ ਕੇਵਲ ਬ੍ਰਹਮ ਗਿਆਨੀ ਹੀ ਹੋ ਸਕਦਾ ਹੈ, ਜਿਸ ਦੇ ਦਰਸ਼ਨ ਕਰਦਿਆਂ ਉਹ ਲਾਲ ਅੰਦਰ ਬੋਲਣ ਲਗ ਪੈਂਦਾ ਹੈ ਤੇ ਬੇ-ਪਰਵਾਹੀ ਦਾ ਰਾਜ ਬਖ਼ਸ਼ ਦੇਂਦਾ ਹੈ। ਇਸੇ ਲਈ ਕਿਹਾ ਹੈ :—

ਇਹ ਨੀਸਾਣੀ ਸਾਧ ਕੀ, ਜਿਸੁ ਭੇਟਤ ਤਰੀਐ ॥
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥

ਇਸ ਲਈ ਦੁਰਲਭ ਦੇਹੀ ਪਾਕੇ ਮਨੁਖ ਜੇ ਅਜਿਹੇ ਸਾਧ ਦੀ ਸਰਨ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਨਹੀਂ ਕਰਦਾ ਤਾਂ ਨਿਰਸੰਦੇਹ ਇਹ ਉਸਦੇ ਮੰਦੇ ਭਾਗਾਂ ਦੀ ਬਾਤ ਹੈ ।



Namdhari Elibrary NamdhariElibrary@gmail.com

ਕਹਾਣੀ-

# ਦਰਦ ਦਾ ਰਿਸ਼ਤਾ

ਅਸੀਮ ਕੋਟਾਲਵੀ

ਸ਼ਾਮ ਦੀ ਰੋਟੀ ਪਕਾ ਖਾ ਕੇ ਜਦੋਂ ਮੈਂ ਆਪਣੇ ਬਿਸਤਰੇ ਵਿਚ ਪੜ੍ਹਨ ਲਈ ਬੈਠਿਆ ਹੀ ਸਾਂ। ਮੇਰਾ ਮਨ ਕਿਤਾਬ ਵਿਚਲੇ ਇਕ ਵਾਕ ਦੀ ਪੁਸ਼ਟੀ ਮੰਗ ਰਿਹਾ ਸੀ, ਅਸੀਂ ਬਹੁਤਾ ਉੱਭ ਉਹ ਹਾਂ ਜਿਹੜਾ ਸਾਨੂੰ ਹਾਲਤਾਂ ਨੇ ਬਣਾ ਦਿਤਾ ਹੈ।"

"ਚਲਣਾ ਓਏ, "ਮੇਰੇ ਨਾਲ ਦੇ ਸਾਥੀ ਛੋਟੂ ਨੇ ਆਵਾਜ਼ ਦਿਤੀ।

"ਇਹਨੇ ਕਿਥੇ ਜਾਣਾ ਬੀਮਾਰੀ ਨੇ," ਮੋਟੂ ਨੇ ਵੀ ਕਹਿ ਦਿਤਾ।

ਸਾਡੇ ਤਿੰਨਾਂ ਦੇ ਆਪਸ ਵਿਚ ਚਿੜਾਊ ਨਾਂ ਰੱਖੇ ਹੋਏ ਸਨ। ਕੱਦ ਦਾ ਲੰਬਾ ਹੋਣ ਕਰਕੇ ਉਹ ਮੈਨੂੰ 'ਲੰਬੂ' ਕਹਿ ਦੇਂਦੇ।

ਅੱਜ ਅਸੀਂ ਸਵੇਰ ਤੋਂ ਹੀ ਲੜੇ ਹੋਏ ਸਾਂ। ਲੜ ਝਗੜ ਤਾਂ ਅਸੀਂ ਅੱਗੇ ਵੀ ਲੈਂਦੇ ਸਾਂ ਪਰ ਇਕ ਅੱਧੇ ਘੰਟੇ ਵਿਚ ਹੀ ਠੀਕ ਹੋ ਜਾਂਦੇ। ਅੱਜ ਗੱਲ ਗਾਲ੍ਹਾਂ ਤੋਂ ਉਤਰ ਕੇ ਮੁੱਕਿਆਂ ਤੱਕ ਆ ਪੁੱਜੀ ਸੀ ਫਿਰ ਵੀ ਸ਼ਾਮ ਦੀ ਰੋਟੀ ਪਕਾਉਣ ਖਾਣ ਵੇਲੇ ਇਕ ਦੂਜੇ ਨੂੰ ਬੁਲਾਉਣਾ ਪਿਆ।

"ਚਲੋ, ਚਲੋ ਚੱਲਦਾਂ," ਪੂਰੀ ਤਰ੍ਹਾਂ ਸੁਲਾਹ ਸਫਾਈ ਕਰਨ ਵਜੋਂ ਮੈਂ ਵੀ ਉਨ੍ਹਾਂ ਨਾਲ ਤੁਰ ਪਿਆ। ਭਾਵੇਂ ਅਖਲਾਕੀ ਤੌਰ ਤੇ ਮੈਂ ਉਨ੍ਹਾਂ ਨਾਲ ਕਦੀ ਵੀ ਸਹਿਮਤ ਨਹੀਂ ਸਾਂ ਹੋਇਆ।

ਅਜੇ ਅਸੀਂ ਥੋੜ੍ਹੀ ਦੂਰ ਹੀ ਰੇਲਵੇ ਫਾਟਕ ਕੋਲ ਪੁੱਜੇ ਸਾਂ ਕਿ ਸਵਰਨ ਕੰਡਕਟਰ ਟੱਕਰ ਕਿਆ।

"ਕਿੱਧਰ ਚਲਿਓ" ਗਾਭਿਓ ?"

"ਬੱਸ ਏਧਰ ਈ ਕੋਈ ਮਾਲ ਪੱਠਾ ਵੇਖਣ," ਛੋਟੂ ਨੇ ਕਿਹਾ।

"ਹੁਣੇ ਇਕ ਨਵਾਂ ਪੁਰਜਾ ਆਇਆ, ਮੈਂ ਤਾਂ ਚਲਿਆਂ, ਮੇਰੀ ਬੱਸ ਜਾਂਦੀ ਆ ਮੋਗੇ ਨੂੰ, ਮਿੰਨਤਾਂ ਜਿਹੀਆਂ ਕਰਦਾ, ਮੌਕਾ ਸਾਂਭ ਲਓ, ਗੁਰਦੇਵ ਉਨ੍ਹਾਂ ਕੋਲ ਤਾਂ ਹੈਨਗੀਆਂ ਦੋ ਪਹਿਲਾਂ ਈ।"

"ਵਾਹਵਾ ਚਲਦਾ ਪੁਰਜਾ ਕਿ ?" ਮੋਟੂ ਪੁਛਿਆ।

"ਚੰਗਾ ਏ ਤੇਪੜ ਮਾਲ ਆ।"

ਜਲਦੀ ਹੀ ਦੋ ਜਣੇ ਅੱਡੇ ਵਲ ਨੂੰ ਸ਼ਿਕਾਰ ਦੀ ਤਲਾਸ਼ ਵਿਚ ਦੌੜੇ।

ਤੇ ਫੇਰ ਸਾਨੂੰ ਖੰਭੇ ਹੇਠ ਚਾਨਣੇ ਵਿਚ ਖਲੋਤੇ ਕਾਰਣ ਹਨੇਰੇ ਵਿਚ ਇਕ ਜ਼ਨਾਨੀ ਦੇ ਨਾਲ ਟੁਰਦਾ ਬੱਚਾ ਅਤੇ ਇਕ ਮੋਢਿਆਂ ਤੇ ਚੁਕਿਆ ਹੋਇਆ, ਨਾਲ ਹੀ ਦੋਵੇਂ ਸਜਣ ਮੱਧਮ ਜਿਹੇ ਵਿਖਾਈ ਦਿਤੇ।

ਜ਼ਨਾਨੀ ਚੁਪ ਚਾਪ ਪੌੜੀਆਂ ਚੜ੍ਹ ਗਈ।

ਦੋਵੇਂ ਉਸ ਨੂੰ ਚੁਬਾਰੇ ਛੱਡ ਕੇ ਫਿਰ ਹੇਠਾਂ ਉਤਰ ਆਏ ਤੇ ਮੈਨੂੰ ਸੰਬੋਧਿਤ ਕਰਦੇ ਬੋਲੇ, "ਲੈ ਓਏ ਪੱਠਿਆ ! ਤੂੰ ਨਾ ਕਹੀਂ, ਸਾਡੇ ਹੁੰਦਿਆਂ ਸਵਰਗਾਂ ਦੇ ਝੂਟੇ ਨਹੀ ਲੈ ਸਕਿਆ।"

"ਲਾ ਲਈਂ ਤੈਂਭਾਂ, ਨਾਲੇ ਵੇਖ ਲਈਂ ਸਾਰਾ ਕੁਝ ਸੰਵਾਰ ਕੇ, ਤੂੰ ਵੀ ਹੁਣ ਤੱਕ ਹਨੇਰੇ 'ਚ ਹੀ ਰਿਹਾ।" ਦੂਜੇ ਨੇ ਅਹਿਸਾਨ ਜਤਾਉਣ ਦੇ ਨਾਲ ਨਾਲ ਟਿਚਕਰ ਵੀ ਕੀਤੀ।

"ਚਲੋ, ਆਪਾਂ ਪੀ ਕੇ ਆਉਨੇ ਆਂ, ਉਨਾਂ ਚਿਰ ਇਹਨੂੰ ਛੱਡੋ।" "ਨਹੀਂ ਯਾਰ, ਮੈਂ ਵੀ ਤੁਹਾਡੇ ਨਾਲ ਚਲਨਾ," ਮੈਂ ਕਿਹਾ।

ਫੇਰ ਮੈਨੂੰ ਪੌੜੀਆਂ ਚੜ੍ਹਾ ਦਿਤਾ ਤੇ ਮੈਂ ਵੀ ਕੁਝ ਜਾਨਣ ਤੇ ਮਾਨਣ ਦੀ ਰੁੱਚੀ ਨੂੰ ਲੈ ਕੇ ਉਪਰ ਜਾ ਚੜ੍ਹਿਆ।

ਚੁਬਾਰੇ ਦੀਆਂ ਪੌੜੀਆਂ ਚੜ੍ਹ ਕੇ ਵਿਹੜੇ ਵਿਚ ਵੜਦਿਆਂ ਹੀ ਮੈਂ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ। ਉਹ ਬਿਚਾਰੀ ਅੰਦਰ ਬੈਠੀ ਹੋਈ ਸੀ ਤੇ ਮੈਂ ਬਾਹਰ ਖੜਾ ਸ਼ਰਮੀਲੀ ਹਾਸੀ ਹੱਸੀ ਜਾ ਰਿਹਾ ਸੀ।

"ਮੁੰਡਿਓ ! ਛੇਤੀ ਕਰੋ, ਮੈਂ ਜਾਣਾ," ਅੰਦਰੋਂ ਕੁਝ ਚਿਰ ਉਡੀਕਣ ਤੋਂ ਬਾਅਦ ਆਵਾਜ਼ ਆਈ।

ਮੈਂ ਸ਼ਰਮ, ਬਦਇਖਲਾਕੀ ਦੇ ਡਰ ਵਜੋਂ ਘਬਰਾ ਕੇ ਵਿਹੜਾ ਲੰਘ ਕੇ ਚੁਬਾਰੇ ਉਤੇ ਚੜ੍ਹਨ ਲਈ ਪੌੜੀ ਵੱਲ ਨੂੰ ਹੋਇਆ। ਵਿਹੜਾ ਲੰਘਦਿਆਂ ਦਰਵਾਜੇ ਰਾਹੀਂ ਨਿਗਾਹ ਮਾਰੀ, ਮੇਰੀ ਮਾਂ ਦੇ ਉਮਰ ਦੀ ਜ਼ਨਾਨੀ ਮੰਜੇ ਉਪਰ ਬੈਠੀ ਬਚਿਆਂ ਨੂੰ ਸੁਲਾ ਰਹੀ ਸੀ।



Namdhari Elibrary NamdhariElibrary@gmail.com

ਤੇਜ਼ੀ ਨਾਲ ਪੌੜੀ ਚੜ੍ਹਦਿਆਂ ਮੈਨੂੰ ਮਗਰੋਂ ਇੰਨੀ ਹੀ ਮੱਧਮ ਆਵਾਜ਼ ਸੁਣਾਈ ਦਿਤੀ, "ਕਾਕਾ ਛੇਤੀ, ਮੇਰਾ ਘਰ ਵਾਲਾ...... !"

ਮੈਂ ਚੁਬਾਰੇ ਉਪਰ ਡੱਠੇ ਮੰਜੇ ਉਪਰ ਡਿਗਦਿਆਂ ਵਿਭਚਾਰ ਦਾ ਅਪਰਾਧੀ ਹੋਣ ਵਜੋਂ ਡਰ ਨਾਲ ਕੰਬ ਰਿਹਾ ਸਾਂ । ਉਸ ਦੇ ਕਹੇ ਪਿਛਲੇ ਸ਼ਬਦਾਂ ਤੋਂ ਡਰ ਦਾ ਇਹ ਸ਼ਕ ਹੋਰ ਵੀ ਵੱਧਦਾ ਜਾ ਰਿਹਾ ਸੀ । ਕਿਤੇ ਇਹਦੇ ਘਰ ਵਾਲਾ ਨਾ ਆ ਜਾਵੇ । ਕਿਤੇ ਪੁਲੀਸ ਨਾ ਫੜ ਕੇ ਲੈ ਜਾਵੇ ।

ਇਸ ਤਰ੍ਹਾਂ ਦੇ ਕਈ ਡਰਾਉਣੇ ਖਿਆਲ ਮੇਰੇ ਦਿਮਾਗ ਵਿਚ ਚੱਕਰ ਕੱਢਣ ਲੱਗ ਪਏ । ਕਾਫੀ ਚਿਰ ਲੰਬਾ ਪਿਆ ਮੈਂ ਡਰ, ਚਿੰਤਾ ਅਤੇ ਸ਼ਰਮਨਾਕ ਪਰੇਸ਼ਾਨੀ ਨਾਲ ਕੰਬ ਰਿਹਾ ਸਾਂ ਕਿ ਮਗਰੋਂ ਪੌੜੀਆਂ ਤੋਂ ਆਵਾਜ਼ ਆਈ, "ਕਾਕਾ ! ਤੂੰ ਕੱਲਾ ਈ ਆਂ, ਓਹ ਤਾਂ ਕਹਿੰਦੇ ਸੀ । "ਅਸੀਂ ਕਈ ਵਾਂ ।"

ਮੈਨੂੰ ਗੁੰਮ ਸੁੰਮ ਮੂਧੇ ਮੂੰਹ ਪਿਆਂ ਵੇਖ ਕੇ ਉਸ ਨੇ ਪੌੜੀ ਉਪਰ ਖਲੌਤੀ ਨੇ ਹੀ ਕਿਹਾ, "ਕਾਕਾ ਮੈਂ ਘਰ ਛੇਤੀ ਜਾਣਾ, ਮੇਰੇ ਘਰ ਵਾਲਾ ਬਹੁਤ ਬੀਮਾਰ ਆ ਉਹਦੀ ਦਵਾਈ ਲੈ ਕੇ ਜਾਣੀ ਆ ।"

"ਤੇ ਤੁਸੀਂ....ਦਵਾਈ ... ਲੈ ਕੇ ਦਿਓ,.....ਆਹ ਲੈ ...ਪੰਜ ਰੁਪਏ.... !" ਭਾਰੀ ਖਤਰਾ ਟਾਲਣ ਦੇ ਲਈ ਹਮ-ਦਰਦੀ ਵਜੋਂ ਕੰਬਦੇ ਨੇ ਥਿੜਕਦੀ ਆਵਾਜ਼ ਵਿਚ ਕਿਹਾ ।

"ਕਾਕਾ ! ਮੈਨੂੰ ਦਸ ਚਾਹੀਦੇ ਨੇ । ਮੈਂ ਕਿਸੇ ਦਿਨ ਫੇਰ ਆ ਜਾਵਾਂਗੀ । ਨਾਲੇ ਦੇਰ ਹੁੰਦੀ ਆ, ਛੇਤੀ ਕਰੰ, ਬਚਾਰਾ ਪਾਣੀ ਖੁਣੋਂ ਤੜਫਦਾ ਹੋਵੇ ।"

ਚੰਗਾ,... ਮੈਂ ਹੇਠਾਂ ਉਤਰ ਕੇ ਦੇਨਾਂ...ਤੁਸੀਂ ਜਾਓ... ਮੇਰੀ ਪੈਂਟ 'ਚ ਨੇ ਬਾਕੀ ਪੈਸੇ ।"

ਹੇਠ ਉਤਰ ਕੇ ਉਹ ਹੈਰਾਨ ਹੋਈ ਮੇਰੇ ਵੱਲ ਵੇਖਦੀ ਰਹੀ ਸੀ । ਮੈਂ ਕਾਹਲੀ ਨਾਲ ਪੰਜਾਂ ਦਾ ਹੋਰ ਨੋਟ ਲਿਆ ਕੇ ਦੇ'ਦੇ ਕਿਹਾ, "ਚੰਗਾ...ਬੀਬੀ ਜੀ..., ਜਾਓ, ਦਵਾਈ ਲੈ ਕੇ ਦਿਓ ।"

"ਪਰ ਕ ਕਾ ਤੂੰ.... !" ਹੈਰਾਨ ਹੋਈ ਕੁਝਕੁ ਕਹਿਣਾ ਚਾਹੁੰਦੀ ਸੀ ।

ਮੈਂ ਟੋਕਦਿਆਂ ਹੀ ਕਿਹਾ, "ਤੁਸੀਂ ਇਸ ਤਰ੍ਹਾਂ ਇਜ਼ਤਾਂ ਲੁਟਾਉਣ ਨਾਲੋਂ ਕੰਮ ਕਰ ਲਿਆ ਕਰੋ ਕੋਈ ।"

"ਭਾਈ ਕੰਮ ਈ ਕਰਦਾ ਸੀ, ਉਹ ਵਿਚਾਰਾ ; ਇੰਨੀ ਠੰਢ 'ਚ ਪਿਆ ਬੀਮਾਰ ਹੋ ਗਿਆ । ਦਵਾਈ ਦੇ ਨੀ ਹੋਈ । ਹੁਣ ਮਰਨ ਨੂੰ ਪਿਆ, ਘਰ ਖਾਣ ਨੂੰ ਕੁਝ ਨਹੀਂ, ਉਤੋਂ ਕੱਕਰ ਪੈਂਦਾ ।"

"ਚੰਗਾ ਜਾ ਕੇ ਦਵਾਈ ਲੈ ਕੇ ਦਿਓ ; ਕੀ ਕਰਦਾ ਸੀ ਉਹ ?" "ਕੁਲੀ ਆ, ਦਸ ਦਿਨ ਹੋ ਗਏ ਪਏ ਨੂੰ, ਹੁਣ ਤਾਂ ਬੋਲ ਵੀ ਨਹੀਂ ਰਿਹਾ ਉਸ ਵਿਚ, ਹੋਰ ਕੀ ਕਰਦੀ, ਉਹਦੀ ਜਾਨ੍ਹ ਬਚ ਜਾਵੇ । ਪਰ ਕਾਕਾ ! ਤੇਰੇ ਨਾਲ....।"

ਨਾਲਦਿਆਂ ਨੂੰ ਮੈਂ ਆਪੇ ਸਾਂਭ ਲਵਾਂਗਾ, ਤੁਸੀਂ ਜਾਓ ਚਲੋ ।"

ਥੱਬੇ ਨੂੰ ਫੜਾ ਕੇ ਪੌੜੀ ਉਤਰ ਕੇ ਕਿਹਾ, "ਐਧਰ ਨੂੰ ਜਾਇਓ, ਅੱਗੇ ਉਹ ਨਾ ਹੋਣ ।"

ਮੈਂ ਹੇਠਾਂ ਪੌੜੀਆਂ ਦਾ ਦਰਵਾਜ਼ਾ ਬੰਦ ਕਰਕੇ ਉਪਰ ਚੜ੍ਹ ਹੀ ਰਿਹਾ ਸਾਂ ਤੇ ਨਾਲ ਹੀ ਸੋਚ ਰਿਹਾ ਸਾਂ ਕਿ ਵੇਸ-ਵਾਵਾਂ ਵੀ ਤਾਂ ਅਜਿਹੀਆਂ ਹੀ ਹੁੰਦੀਆਂ ਹੋਣਗੀਆਂ, 'ਜਿਨ੍ਹਾਂ ਦੇ ਕਿੱਸੇ ਮੇਰੇ ਸਾਥੀ ਸੁਣਾਉਂਦੇ ਨੇ ।'

"ਸੁਨਾ ਹੈ ਹਰ ਯੁਵਾ ਪੱਥਰ ਕੇ ਦਿਲ ਮੇਂ ਆਗ ਹੋਤੀ ਹੈ,"

ਬਾਹਰੋਂ ਟੇਪ ਰਿਕਾਰਡ ਦੇ ਨਾਲ ਪਛਾਣੀਆਂ ਆਵਾਜ਼ਾਂ ਸੁਣਾਈ ਦਿਤੀਆਂ ।

"ਗਾਲਿਆ ! ਰੱਜਿਆ ਨੀ ਅਜੇ

"ਹੁਣ ਤੇ ਵਾਹਵਾ ਰੁਝਿਆ ਹੋਇਆ ਆਂ, ਅਖੇ ਹੱਡੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ ; ਉਹ ਗੱਲ ਆ ਇਹਦੀ ਤਾਂ ।"

ਕੁੰਡਾ ਖੋਲਦਿਆਂ ਹੀ ਮੈਂ ਕਿਹਾ, ਉਹ ਤਾਂ ਵਿਚਾਰੀ ਗਰੀਬ, ਲਾਚਾਰ ਦੁਖੀਆ ਸੀ, ਆਪਣੀਆਂ ਮਾਵਾਂ ਵਰਗੀ .....।"

"ਏਹਨੂੰ ਕੰਜਰ ਦੇ ਨੂੰ ਤਰਸ ਆ ਗਿਆ ਹੋਣਾ ।"

"ਏਹਨੂੰ ਆਪਣੀ ਘਰ ਆਲੀ ਤੇ ਵੀ ਤਰਸ ਆ ਜਾਇਆ ਕਰਦਾ ।"

ਇਹੋ ਜਿਹੀਆਂ ਕਈ ਆਵਾਜ਼ਾਂ ਮੇਰੇ ਕੰਨੀ ਪੈ ਰਹੀਆਂ ਸਨ ਤੇ ਮੈਂ ਮੁੜ ਉਸੇ ਕਾਰਲ ਮਾਰਕਸ ਦੇ ਵਾਕਾਂ ਨੂੰ ਦਿਮਾਗ ਵਿਚ ਵਿਚਾਰਨ ਲੱਗ ਪਿਆ, "ਅਸੀਂ ਬਹੁਤਾ ਕੁਝ ਉਹ ਹੁੰਦੇ ਹਾਂ, ਜੋ ਸਾਨੂੰ ਹਾਲਤਾਂ ਬਣਾ ਦਿੰਦੀਆਂ ਹਨ ।"

ਪਿੰਡ ਤੇ ਡਾ:-ਕੋਟਾਲਾ

ਸਮਰਾਲਾ

ਸਭਿਆਚਾਰ

# 100ਵਾਂ ਬਾਬਾ ਹਰਿਬਲਭ

## *ਸੰਗੀਤ ਸੰਮੇਲਨ*

**ਪ੍ਰੋ: ਜੋਗਿੰਦਰ 'ਬਾਵਰਾ'**
ਗੌ: ਕਾਲਜ, ਕਪੂਰਥਲਾ

ਪਿਛਲੇ ਦਿਨੀਂ ਦੇਵੀ ਤਲਾ ਜਲੰਧਰ ਵਿਖੇ ਬਾਬਾ ਹਰਿਬਲਭ ਦੇ ਨਾਮ ਤੇ ਸ਼ਾਸਤਰੀ ਸੰਗੀਤ ਦਾ ਸੌਵਾਂ ਸਾਲਾਨਾ ਮੇਲਾ ਹੋਇਆ । ਇਸ ਮੇਲੇ ਬਾਰੇ ਇਹ ਵਿਸ਼ੇਸ਼ ਲੇਖ ਪ੍ਰੋ: ਜੋਗਿੰਦਰ ਸਿੰਘ ਬਾਵਰਾ ਦਾ ਲਿਖਿਆ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੈ । ਪ੍ਰੋ: ਬਾਵਰਾ ਖੁਦ ਸੰਗੀਤ ਦੇ ਵਿਦਵਾਨ ਕਲਾਕਾਰ ਹਨ । ਸੰਗੀਤ ਨਾਲ ਸਬੰਧਤ ਦੇਸ਼ ਦੇ ਪ੍ਰਮੁਖ ਅਦਾਰਿਆਂ ਵਲੋਂ ਅਨੇਕਾਂ ਡਿਗਰੀਆਂ (ਗਾਇਨ ਅਤੇ ਵਾਦਨ ਦੋਹਾਂ ਵਿਚ) ਜਿਵੇਂ ਸੰਗੀਤ ਵਿਸ਼ਾਰਦ, ਸੰਗੀਤ ਪ੍ਰਭਾਕਰ, ਸੰਗੀਤ ਪਰਵੀਨ, ਸੰਗੀਤ ਭਾਸਕਰ ਆਦਿ ਨਾਲ ਸਨਮਾਨਤ ਹਨ । ਆਪ ਬਹੁਤ ਵਧੀਆ ਗਾਇਕ ਅਤੇ ਸਿਤਾਰ ਵਾਦਕ ਵੀ ਹਨ ।

—ਸੰਪਾਦਕ

ਅੱਜ ਤੋਂ 100 ਸਾਲ ਪਹਿਲਾਂ ਇਸ ਸੰਗੀਤ ਸੰਮੇਲਨ ਦੀ ਬੁਨੀਆਦ ਰਖੀ ਗਈ ਸੀ । ਸੰਗੀਤ ਖੇਤਰ ਵਿਚ ਇਹ ਮੇਲਾ ਆਪਣਾ ਇਕ ਵਿਸ਼ੇਸ਼ ਮਹੱਤਵ ਰੱਖਦਾ ਹੈ । ਇਸ ਸੰਮੇਲਨ ਨੂੰ ਭਾਰਤ ਦਾ ਸਭ ਤੋਂ ਪੁਰਾਣਾ ਹੋਣ ਦਾ ਫਖਰ ਹਾਸਿਲ ਹੈ ਪੰਜਾਬ ਦੀ ਸੰਗੀਤ ਨੂੰ ਇਹ ਇਕ ਬੜੀ ਵੱਡੀ ਦੇਣ ਹੈ । ਪਹਿਲਾਂ ਪਹਿਲ ਤਾਂ ਇਹ ਸਮੇਲਨ ਕੇਵਲ ਸਾਧੂ ਸੰਤਾਂ ਦੇ ਵਾਸਤੇ ਹੀ ਸੀ, ਧੀਰੇ ਧੀਰੇ ਜਲੰਧਰ ਦੀ ਜਨਤਾ ਵੀ ਪੁਜਨ ਲੱਗੀ ਤੇ ਫਿਰ ਦੂਸਰੇ ਸ਼ਹਿਰਾਂ ਦੇ ਤੇ ਦੂਜੇ ਸੂਬਿਆਂ ਦੇ ਸ੍ਰੋਤੇ ਵੀ ਪਧਾਰਨ ਲਗੇ । ਇਸਤਰੀਆਂ ਇਥੇ ਨਹੀਂ ਸਨ ਜਾਇਆ ਕਰਦੀਆਂ । ਸ਼ਾਇਦ ਇਕ ਵੇਲਾ ਸੀ ਜਦ ਲੋਕ ਸੰਗੀਤ ਨੂੰ ਚੰਗੇ, ਭਲੇ ਪੁਰਸ਼ਾਂ ਦਾ ਕੰਮ ਹੀ ਨਹੀਂ ਸਨ ਸਮਝਦੇ । ਕਿਸੇ ਕੰਮ ਨੂੰ ਚੰਗਾ ਜਾਂ ਮਾੜਾ ਲੋਕ ਹੀ ਸਮਝ ਬੈਠਦੇ ਹਨ ਦਰਅਸਲ ਕੰਮ ਮਾੜਾ ਨਹੀਂ ਹੁੰਦਾ । ਇਹ ਹੀ ਗਲ ਵਿਚਾਰੇ ਸੰਗੀਤ ਨਾਲ ਆਪਣੇ ਆਪ ਨੂੰ ਸ਼ਰੀਫ ਸਮਝਣ ਵਾਲਿਆਂ ਨੇ ਕੀਤੀ । ਸੰਗੀਤ ਨੇ ਆਪਣੇ ਜੀਵਨ ਸਫਰ ਵਿਚ ਬੜੇ ਉਤਾਰ ਚੜ੍ਹਾ ਵੇਖੇ ਹਨ । ਕਦੀ ਅਰਸ਼ ਤੇ, ਕਦੀ ਫਰਸ਼ ਤੇ, ਅਤੇ ਕਦੀ ਜ਼ਮੀਨ ਦੇ ਅੰਦਰ ਵੀ ਦਫਨ ਕਰਨ ਦੇ ਮਨਸੂਬੇ ਵੀ ਇਸ ਨੂੰ ਨਸੀਬ ਹੋਏ । ਸੰਗੀਤ ਦੀ ਉਨਤੀ ਤੇ ਪ੍ਰਚਾਰ ਜਾਂ ਵਿਕਾਸ ਦਾ ਸ਼ਰਫ ਸਾਧੂ, ਸੰਤਾਂ, ਮਹਾਂਪੁਰਖਾਂ, ਰਿਸ਼ੀਆਂ ਨੂੰ ਜਾਂਦਾ ਹੈ । ਜਿਵੇਂ ਬ੍ਰਹਮਾਂ, ਸ਼ਿਵਜੀ, ਸਰਸਵਤੀ, ਕ੍ਰਿਸ਼ਨ, ਅਤੇ ਸਿੱਖ ਗੁਰੂ ਸਾਹਿਬਾਨ ਧਰਮ ਦਾ ਹਰ ਕੰਮ ਸੰਗੀਤ ਦੁਆਰਾ ਹੀ ਨੇਪਰੇ ਚੜ੍ਹਦਾ ਹੈ । ਮੁਸਲਮਾਨ, ਹਿੰਦੂ, ਸਿੱਖ ਜਾਂ ਕੋਈ ਹੋਰ ਧਰਮ ਸਭ ਵਿਚ ਸੰਗੀਤ ਦਾ ਸਥਾਨ ਉੱਚਾ ਹੈ । ਜਨਮ ਤੋਂ ਮਰਨ ਤੱਕ ਹਰ ਸੰਸਕਾਰ ਗੀਤਾਂ-ਰਾਹੀਂ ਹੀ ਮੁਕੰਮਲ ਹੁੰਦਾ ਹੈ । ਵਧਾਈ ਦੇ ਗੀਤ, (ਭਾਂਡ ਖੁਸਰੇ ਵਧਾਈ ਗਾਉਂਦੇ ਹਨ ਤੇ ਨਚਦੇ ਹਨ) । ਮੁੰਡਨ, ਸਿਖਾਂ ਵਿਚ ਪਗੜੀ ਦੀ ਰਸਮ ਤੇ ਕੀਰਤਨ, ਮੰਗਣੀ, ਸ਼ਾਦੀ ਅਤੇ ਡੋਲੀ ਸਮੇਂ ਵਿਦਾਈ ਗੀਤ ਇਥੋਂ ਤੱਕ ਕਿ ਮਰਨ ਤੇ ਵੀ ਕੀਰਤਨ ਕੀਤਾ ਜਾਂਦਾ ਹੈ । ਗੀਤਾਂ ਦੇ ਬੋਲ ਬਦਲ ਜਾਂਦੇ ਹਨ, ਪਰ ਸੰਗੀਤ ਦੇ ਸੁਰ ਨਹੀਂ ਬਦਲਦੇ । ਕਹਿਣ ਦਾ ਭਾਵ ਇਹ ਕਿ ਸੰਗੀਤ ਸਾਡੇ ਨਾਲ ਭੋਜਨ ਦੀ ਤਰ੍ਹਾਂ ਜੁੜਿਆ ਹੋਇਆ ।

ਹਰਿਬਲਭ ਦੀ ਇਕ ਨਿਕੀ ਜਿਹੀ ਕਹਾਣੀ ਹੈ ਇਸ ਸਮੇਲਨ ਦੇ ਬਾਨੀ ਸੁਆਮੀ ਹਰਿਬਲਭ ਬਜਵਾੜਾ ਜ਼ਿਲਾ ਹੁਸ਼ਿਆਰਪੁਰ ਦੇ ਇਕ ਧਨਵਾਨ ਪ੍ਰੀਵਾਰ ਦੇ ਨੂਰੇ-ਨਜ਼ਰ ਸਨ । ਆਪ ਜੀ ਦੀ ਬਚਪਨ ਤੋਂ ਹੀ ਪ੍ਰਭੂ ਵਲ ਲਗਨ ਲਗ ਗਈ । ਇਹਨਾਂ ਨੇ ਧਨ ਸਮਪਤੀ, ਸੰਸਾਰਿਕ ਸੁਖਾਂ ਨੂੰ ਤਿਆਗ ਤੇ ਤਪਸਿਆ ਅਤੇ ਸੰਗੀਤ ਲਈ ਜੀਵਨ ਅਰਪਨ ਕਰ ਦਿਤਾ । ਜਲੰਧਰ ਵਿਚ ਤੁਲਾ ਗਿਰ ਜੀ ਮਹਾਰਾਜ ਇਕ ਉੱਚ ਕੋਟੀ ਦੇ ਮਹਾਤਮਾ ਸਨ । ਇਹ ਉਹਨਾਂ ਦੇ ਸ਼ਿਸ਼ਯ ਬਣ ਗਏ ਤੇ ਗੁਰੂ ਸੇਵਾ ਵਿਚ ਲਗ ਗਏ । ਆਪ ਯੋਗ ਗੁਰੂ ਦੇ ਯੋਗ ਸ਼ਿਸ਼ ਹੋਏ । ਜਦੋਂ ਗੁਰੂ ਦੇਵ ਪ੍ਰਲੋਕ ਸਿਧਾਰ ਗਏ ਤਾਂ ਇਹ ਗੱਦੀ ਨਸ਼ੀਨ ਹੋਏ । ਇਹਨਾਂ ਨੇ ਗੁਰੂ ਜੀ ਦੀ



Namdhari Elibrary NamdhariElibrary@gmail.com

ਯਾਦ ਨੂੰ ਤਾਜ਼ਾ ਰਖਨ ਲਈ ਸਾਲਾਨਾ ਸਮਾਗਮ ਪਰਾਰੰਭ ਕੀਤਾ। ਪਹਿਲੇ ਇਹ ਮੇਲਾ ਜਨਵਰੀ ਮਹੀਨੇ ਵਿਚ ਹੀ ਹੁੰਦਾ ਸੀ ਪਰ ਸਰਕਾਰੀ ਮੁਲਾਜ਼ਮਾਂ ਦੀ ਅਪੀਲ ਤੇ 26-29 ਦਸੰਬਰ ਦੀਆਂ ਤਾਰੀਖਾਂ ਹਮੇਸ਼ਾ ਲਈ ਪੱਕੀਆਂ ਕਰ ਦਿਤੀਆ ਗਈਆਂ।

ਪਹਿਲੇ ਤਾਂ ਇਸ ਦੀ ਕੋਈ ਸਭਾ ਨਹੀਂ ਸੀ, 1922 ਵਿਚ ਬਾਕਾਇਦਾ ਸਭਾ ਬਣਾਈ ਗਈ ਤੇ ਇਸ ਦਾ ਨਾਮ ਬਾਬਾ ਹਰਿਬਲਭ ਸੰਗੀਤ ਮਹਾਂ ਸਭਾ ਰਖਿਆ ਗਿਆ। ਰਾਏ ਬਹਾਦਰ ਦੇਵੀ ਚੰਦ ਇਸ ਦੇ ਸਭਾਪਤੀ ਬਣਾਏ ਗਏ। 1932 ਤਕ ਕਿਸੇ ਪ੍ਰਕਾਰ ਦਾ ਕੋਈ ਚੰਦਾ ਜਾਂ ਦਾਨ ਨਹੀਂ ਸੀ ਇਕਠਾ ਕੀਤਾ ਜਾਂਦਾ। ਸਾਰਾ ਸਾਮਾਨ ਆਪੇ ਹੀ ਲੋਕ ਸ਼ਰਧਾ ਨਾਲ ਪਹੁੰਚਾ ਦਿੰਦੇ ਸਨ। ਉਹ ਸਾਮਾਨ ਇਨਾਂ ਹੋ ਜਾਂਦਾ ਸੀ ਕਿ 6-7 ਮਹੀਨੇ ਬਾਅਦ ਵੀ ਕੰਮ ਆਉਂਦਾ ਰਹਿੰਦਾ। ਕਲਾਕਾਰ ਵੀ ਸ਼ਰਧਾ ਨਾਲ ਆਉਂਦੇ। ਜਦੋਂ ਪਹਿਲੀ ਵਾਰੀ ਪੰ: ਵਿਸ਼ਨੂੰ ਦਿਗੰਬਰ ਜੀ ਇਸ ਮੇਲੇ ਦਾ ਨਾਂ ਸੁਣ ਕੇ ਆਏ ਤਾਂ ਉਹਨਾ ਨੇ ਕੁਝ ਸਮਾਂ ਮੰਗਿਆ। ਉਹਨਾ ਨੂੰ ਕਥਾ ਵਾਚਕ ਸਮਝ ਕੇ ਕੁਝ ਸਮਾਂ ਦੇ ਦਿੱਤਾ ਗਿਆ ਪਰ ਜਦੋਂ ਉਹਨਾਂ ਨੇ ਆਪਣੀ ਕਲਾ ਦੀ ਪਰਦਰਸ਼ਨੀ ਕੀਤੀ ਤਾਂ ਸਾਰੇ ਚਕ੍ਰਿਤ ਹੋ ਗਏ। ਇਸ ਤੋਂ ਬਾਅਦ ਪੰਡਿਤ ਜੀ ਤੇ ਉਹਨਾ ਦੇ ਸ਼ਿਸ਼ ਹਰ ਸਾਲ ਆਉਣ ਲਗ ਪਏ। ਇਸ ਮੇਲੇ ਦੀ ਮਸ਼ਹੂਰੀ ਵਿਚ ਪੰਡਿਤ ਵਿਸ਼ਨੂੰ ਦਿਗੰਬਰ ਜੀ ਦਾ ਬਹੁਤ ਹੱਥ ਹੈ। ਪਹਿਲੀ ਵਾਰੀ ਪੰਡਤ ਜੀ ਨੂੰ 250/- ਦੀ ਥੈਲੀ ਭੇਂਟ ਕੀਤੀ ਗਈ ਤੇ ਪੰਡਿਤ ਜੀ ਨੇ 5/- ਕੋਲੋਂ ਪਾ ਕੇ ਸਮਾਧੀ ਤੇ ਚੜ੍ਹਾ ਦਿਤੇ ਤੇ ਕਿਹਾ ਇਹ ਸਥਾਨ ਲੈਣ ਦਾ ਨਹੀਂ ਦੇਣ ਦਾ ਹੈ।

ਇਸ ਸੰਮੇਲਨ ਵਿਚ ਆਪਣੇ ਆਪਣੇ ਸਮੇਂ ਦੇ ਉਘੇ ਤੇਜੱਸਵੀ ਕਲਾਕਾਰ ਭਾਗ ਲੈਂਦੇ ਰਹੇ ਹਨ। ਭਾਸਕਰ ਰਾਵ, ਕ੍ਰਿਸ਼ਨ ਰਾਵ, ਬਾਲਾ ਗੁਰੂ, ਪਿਆਰੇ ਇਮਾਮ ਉਲਦੀਨ, ਸੁਰੇਸ਼ ਬਾਬੂ ਮਾਨ, ਗਿਰਜਾ ਦੇਵੀ, ਕੁਮਾਰ ਗੰਧਰਵ, ਭੀਮਸੈਨ ਜੋਸ਼ੀ, ਰਾਮ ਮਰਾਠੇ, ਲਕਸ਼ਮੀ ਸ਼ੰਕਰ, ਨਾਰਾਇਣ ਰਾਵ ਵਿਆਸ, ਵਿਨਾਯਕ ਰਾਵ ਪਟਵਰਧਨ, ਉਸਤਾਦ ਅਮੀਰ ਖਾਂ, ਬੜੇ ਗੁਲਾਮ ਅਲੀ ਖਾਂ, ਨਜ਼ਾਕਤ ਅਲੀ ਸਲਾਮਤ ਅਲੀ, ਹੀਰਾ ਬਾਈ ਬੜੋਦਕਰ, ਸੀਆਰਾਮ ਤਿਵਾੜੀ, ਪੰਡਿਤ ਉਂਕਾਰ ਨਾਥ ਠਾਕੁਰ, ਪੰ: ਰਵੀ ਸ਼ੰਕਰ, ਅਲੀ ਅਕਬਰ ਖਾਂ, ਹਲੀਮ ਜਾਫਰ ਖਾਂ, ਸੁਨੰਦਾ ਪਟਨਾਇਕ, ਉਸਤਾਦ ਅਹਿਮਦ ਜਾਨ ਥਿਰਕਵਾ, ਸ਼ਰਾਫਤ ਹੁਸੈਨ ਖਾਂ ਤੇ ਕਈ ਹੋਰ ਗੁਣੀ ਸਨ।

ਇਸ ਸਾਲ ਇਹ ਮੇਲਾ ਵਿਸ਼ੇਸ਼ ਕਾਰਨਾਂ ਕਰਕੇ ਦਸੰਬਰ 75 ਦੀ ਬਜਾਏ 1976 ਵਿਚ ਹੋਇਆ। ਇਸ ਹਿਸਾਬ ਨਾਲ 1975 ਵਿਚ ਮੇਲਾ ਹੋਇਆ ਹੀ ਨਹੀਂ। ਹੁਣ 1976 ਵਿਚ ਦੋ ਹੋ ਜਾਨ ਦੀ ਉਮੀਦ ਹੈ। ਇਸ ਵਰ੍ਹੇ 16-17-18 ਜਨਵਰੀ ਤਿੰਨ ਦਿਨ ਲਈ ਮੇਲਾ ਹੋਇਆ। ਪੰਡਾਲ ਬੜਾ ਸੋਹਣਾ ਬਣਾਇਆ ਗਿਆ। ਰਾਤ ਨੂੰ ਵੀ ਅੰਦਰ ਬੜੀ ਗਰਮੀ ਹੋ ਜਾਂਦੀ ਸੀ। ਇਸ ਵਿਚ ਉਸਤਾਦ ਵਲਾਇਤ ਖਾਂ, ਇਮਰਤ ਖਾਂ, ਅਮਜਦ ਅਲੀ ਖਾਂ, ਬੇਗਮ ਪ੍ਰਵੀਨ ਸੁਲਤਾਨਾ, ਗੰਗੂ ਬਾਈ ਹੰਗਲ, ਸ: ਸੋਹਣ ਸਿੰਘ, ਮੁਨਵਰ ਅਲੀ ਖਾਂ, ਪੰ: ਜਸ ਰਾਜ, ਰਸਿਕ ਲਾਲ ਅੰਧਾਰੀਆ ਮਾਸਟਰ ਰਤਨ, ਹਰੀ ਪ੍ਰਸਾਦ ਚੋਰਸੀਆ, ਅਨੰਤ ਲਾਲ ਅਤੇ ਪਾਰਟੀ, ਪੰ: ਪ੍ਰੇਮ ਵਲਭ, ਮਨਮੋਹਨ ਸਿੰਘ, ਪੰ: ਸਾਮਤਾ ਪ੍ਰਸਾਦ 'ਗੁਦਈ ਮਹਾਰਾਜ', ਪੰ: ਕ੍ਰਿਸ਼ਨ ਮਹਾਰਾਜ, ਰਮਾਕਾਂਤ, ਮੋਹਨ ਸਿੰਘ, ਸਾਬਰੀ ਖਾਂ ਇੰਦਰ ਲਾਲ ਆਦਿ ਕਲਾਕਾਰਾਂ ਨੇ ਭਾਗ ਲਿਆ।

ਪਹਿਲੇ ਦਿਨ 16-1-76 ਨੂੰ ਸਵੇਰੇ ਸਭਾ ਆਰੰਭ ਹੋਈ ਤੇ ਸਥਾਨੀਏ ਕਲਾਕਾਰਾਂ ਨੇ ਆਪਣੀ ਆਪਣੀ ਕਲਾ ਵਖਾਈ। ਸ਼ਾਮ ਨੂੰ ਸੁਰਸਵਤੀ ਵੰਦਨਾ ਨਾਲ ਸਭਾ ਦਾ ਆਰੰਭ ਹੋਇਆ। ਸ੍ਰ. ਸੋਹਨ ਸਿੰਘ ਜੀ ਦਾ ਗਾਇਨ ਬਾਗੇਸ਼ਵਰੀ ਕਾਨੜਾ ਵਿਚ ਹੋਇਆ ਜੋ ਕਿ ਬੜਾ ਮਧੁਰ ਤੇ ਪੁਰ ਅਸਰ ਸੀ। ਇਸ ਤੋਂ ਬਾਅਦ ਅਨੰਤ ਲਾਲ ਨੇ ਸ਼ਹਿਨਾਈ ਤੇ ਮਾਰੂ ਤੇ ਚੇਤੀ ਪਰਸਤੁਤ ਕੀਤਾ। ਸ੍ਰੀ ਜਸ ਰਾਜ ਨੇ ਰਾਗ ਬਿਹਾਗ ਦੀ ਅਵਤਾਰਨਾ ਕੀਤੀ। ਇਹ ਗਾਇਨ ਬੜਾ ਪ੍ਰਭਾਵਸ਼ਾਲੀ ਸੀ ਜਿਹੜਾ ਹਰ ਪਖ ਤੋਂ ਪ੍ਰਸੰਸਾ ਯੋਗ ਸੀ। ਬਿਹਾਗ ਤੋਂ ਬਾਅਦ ਬਸੰਤ ਦੀ ਬੰਦਿਸ਼ ਸੁਣਾਈ ਜੋ ਕੋਈ ਇੰਨੀ ਉਚ ਕੋਟੀ ਦੀ ਨਹੀਂ ਸੀ। ਬਿਹਾਗ ਦੇ ਦ੍ਰੁਤ ਖਿਆਲ ਦੀ ਬੰਦਿਸ਼, "ਨਦੀ ਰੇ ਚੁਨਰੀਆ ਭਿਗੋਏ ਡਾਰੀ" ਬੜੀ ਸੁੰਦਰ ਸੀ। ਸ੍ਰੋਤੇ ਵਜਦ ਵਿਚ ਆ ਗਏ ਤੇ ਉਹਨਾਂ ਦਾ ਵੀ ਗਾਉਣ ਤੇ ਜੀ ਕਰ ਰਿਹਾ ਸੀ।

ਉਸਤਾਦ ਅਮਜਦ ਅਲੀ ਨੇ ਬਸੰਤ ਪੰਚਮ ਵਿਚ ਅਲਾਪ ਜੋੜ, ਝਾਲਾ ਪੇਸ਼ ਕਰਨ ਤੋਂ ਬਾਅਦ ਰਾਗ ਜੋਗ ਵਿਚ ਗਤ ਆਰੰਭੀ। ਇਹ ਆਈਟਮ ਸ੍ਰੋਤਿਆਂ ਦੀ ਆਸ

(ਬਾਕੀ ਸਫ਼ਾ 23 ਤੇ)



Namdhari Elibrary NamdhariElibrary@gmail.com

## ਗ਼ਜ਼ਲ

(ਗੁਰਦੇਵ ਸਿੰਘ ਪੰਦੋਹਲ ਐਮ. ਏ., ਐਮ. ਐਡ.)

ਖ਼ਿਆਲ ਕਿਸੇ ਦਾ ਮੁੜ ਮੁੜ ਦਿਲ ਦੀਆਂ ਸਧਰਾਂ ਫੇਰ ਜਗਾਏ
ਰਾਤ ਫੇਰ ਇਕਰਾਰਾਂ ਵਲੀ ਮੈਨੂੰ ਚੇਤੇ ਆਏ ।
ਖ਼ੂਨ ਕਿਸੇ ਵਿਚ ਜਾਪੇ ਮੈਨੂੰ ਆਉਂਦੀ ਫੇਰ ਸਫੈਦੀ,
ਪਤਾ ਨ ਕਿਸ ਨਵ-ਦਰਦ ਸਹਾਰੇ ਏਨੇ ਰੰਗ ਵਟਾਏ ।
ਊਸ਼ਾ ਕੋਈ ਰੰਗ ਰੰਗੀਲੀ ਬਹਿ ਗਈ ਨਾਲ ਦੁਪਹਿਰਾਂ ।
ਫੈਲ ਗਈ ਖੰਡਰਾਂ ਦੇ ਉਤੇ ਹਲਕੇ ਹਲਕੇ ਸਾਏ ।
ਡੂੰਘੀ ਸ਼ਾਮ ਕੋਈ ਅਲਬੇਲੀ ਰਹਿ ਗਈ ਹੋਕੇ ਭਰਦੀ ।
ਲੱਖਾਂ ਮਜਨੂੰ ਜੰਗਲ ਦੂਰ ਗਏ ਨੈਣਾਂ ਦੇ ਸਧਰਾਏ ।
ਫੇਰ ਹਕੀਕਤ ਦੇ ਵਿਚ ਲੈਂਦਾ ਕੁਦਰਤ ਦੀ ਅੰਗੜਾਈ,
ਫੇਰ ਮੇਰੇ ਖ਼ਿਆਲਾਂ ਦਾ ਮੁੜ ਕੇ ਅੰਗ ਅੰਗ ਨਸ਼ਿਆਏ ।
ਫੇਰ ਕਿਸੇ ਬਦਲੀ ਦੇ ਓਹਲੇ ਚੰਨ ਨੇ ਗੋਤਾ ਖਾਧਾ,
ਫੇਰ ਨਦੀ ਦੇ ਕੰਢਿਆਂ ਉੱਤੇ ਰਹਿ ਗਏ ਹੋਰ ਤਿਹਾਏ ।
ਲੱਖਾਂ ਵਾਰ ਜਵਾਨੀ ਜਾਵੇ ਪ੍ਰੀਤ ਮੇਰੀ ਦੇ ਬਦਲੇ ।
ਲੱਖਾਂ ਜੋਬਨ ਪ੍ਰੀਤ ਬਿਨਾਂ ਹਨ ਸੁੱਕ ਗਏ ਕੁਮਲਾਏ ।
ਮਿੱਠੀਆਂ ਮਿੱਠੀਆਂ ਗੱਲਾਂ ਦਾ 'ਗੁਰਦੇਵ' ਪਿਆਰਾ ਭੁੱਖਾ,
ਏਹੋ ਲੈਂਦਾ ਜੇਕਰ ਬੰਦਾ ਬੰਦੇ ਦਾ ਬਣ ਜਾਏ ।

## ਦੋ ਰੁਬਾਈਆਂ

ਪ੍ਰੀਤਮ ਸਿੰਘ ਕਵੀ

ਬਾਤੜੀਆਂ ਪਿਆਰੇ ਦੀਆਂ ਭਲੀਆਂ, ਕਰ ਕਰ ਸਮਾਂ ਲੰਘ ਇਆ
ਇਉਂ ਲਗਾ ਜਿਉਂ ਅੰਦਰੋਂ ਹੀ ਕੋਈ, ਅੰਮ੍ਰਿਤ ਕੁੰਡ ਥਿਆਇਆ
ਖੋਹ ਨ ਉਠੀ, ਤੜਪ ਨ ਤਾਇਆ, ਠੰਡ ਜੇਹੀ ਕੋਈ ਪੈ ਗਈ
ਯਾਰ ਤੇਰੀ ਹੀ ਸਖੀ ਬਣ ਗਈ, ਜਿਸ ਨੇ ਦਰਦ ਵੰਡਾਇਆ ।

ਫੁਟ ਪਏ ਚਸ਼ਮੇ ਗੀਤਾਂ ਵਾਲੇ ਦਰਸ ਤੇਰਾ ਜਾਂ ਕੀਤਾ
ਨਿਹੁੜਾਏ ਨੈਣਾਂ ਨੂੰ ਤੱਕ ਕੇ ਅੰਮ੍ਰਿਤ-ਪਿਆਲਾ ਪੀਤਾ
ਭੁੱਲ ਗਏ ਰੋਗ-ਸੋਗ ਦੁਨੀਆ ਦੇ, ਖੁਸ਼ੀ ਚੁਗਿਰਦੇ ਨੱਚੀ
ਖ਼ੁਸ਼ ਹੋ ਕੇ ਰਸ ਮਾਣ ਰਿਹਾ ਹਾਂ, ਜੱਗ ਤੋਂ ਚੁਪ ਚਪੀਤਾ ।

=+=+=+=+=+=+=+=+=+

## ਗ਼ਜ਼ਲ

—ਸੁਰਿੰਦਰਦੀਪ

ਉਛਾਲਾ ਮਾਰਦੇ ਕਣ ਸਾਗਰ ਦੀ ਤਹਿ 'ਚ' ਰੜਕਦੇ ਰਹਿੰਦੇ ।
ਉਤਰਦੇ ਜਦ ਖ਼ਲਾ ਵਲ ਬੱਦਲਾਂ ਸੰਗ ਗੜ੍ਹਕਦੇ ਰਹਿੰਦੇ ।

ਖ਼ੁਸ਼ ਹੋਵਣ ਤਾਂ ਧਰਤੀ ਦੇ ਹੁਸਨ ਨੂੰ ਹੋਰ ਰੰਗ ਦੇਂਦੇ,
ਵਿਗੜ ਜਾਵਣ ਤਾਂ ਬੰਦਿਆਂ ਦੇ ਸਿਰਾਂ ਤੇ ਕੜਕਦੇ ਰਹਿੰਦੇ ।

ਇਨ੍ਹਾਂ ਦਾ ਰੂਪ ਵੇਖਣ ਵਾਸਤੇ ਹੈ ਫੂਹਣ ਦੇ ਲਈ ਨਹੀਂ,
ਨਾਜ਼ੁਕ ਤਿਤਲੀਆਂ ਦੇ ਦਿਲ ਤਾਂ ਐਵੇਂ ਧੜਕਦੇ ਰਹਿੰਦੇ ।

ਚੂਰੀ ਖਾਣ ਵਾਲੇ ਪੰਛੀਆਂ ਦੇ ਪਰ ਗਏ ਖੋਹੇ,
ਹਵਾ ਵਿਚ ਰਹਿਣ ਵਾਲੇ ਪਰਾਂ ਦੇ ਸੰਗ ਮੜਕਦੇ ਰਹਿੰਦੇ ।

ਸੁੰਞੇ ਘਰਾਂ ਦੀ ਰੁਤ ਨੂੰ ਕੋਈ ਦਸਤਕ ਨਹੀਂ ਦੇਂਦਾ,
ਬਹਾਰਾਂ ਸੰਗ ਮਚਲਦੇ ਘਰਾਂ ਦੇ ਦਰ ਖੜਕਦੇ ਰਹਿੰਦੇ ।

## ਲੇਖਕਾਂ ਪ੍ਰਤੀ ਬੇਨਤੀ

ਸਾਹਿਤ ਸਭਾ ਮਾਨਸਾ ਮਿੰਨੀ ਕਹਾਣੀ ਸੰਗ੍ਰਹਿ 'ਤਰਕਸ਼' ਮਗਰੋਂ ਇਕ ਹੋਰ ਮਿੰਨੀ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕਰ ਰਹੀ ਹੈ । ਸਾਰਿਆਂ ਨਵੇਂ ਅਤੇ ਸਥਾਪਿਤ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਉਹ ਆਪਣੀਆਂ ਦੋ ਦੋ ਮਿੰਨੀ ਕਹਾਣੀਆਂ ਹੇਠ ਲਿਖੇ ਪਤੇ ਉੱਤੇ ਘੱਲਣ ।

ਦਰਸ਼ਨ 'ਮਿੱਤਵਾ'
—ਜ: ਸੱਕਤਰ, ਸਾਹਿਤ ਸਭਾ
ਸਿਨੇਮਾ ਰੋਡ ਮਾਨਸਾ (ਪੰਜਾਬ)

+=+=+=+=+=+=+=+=+=



Namdhari Elibrary NamdhariElibrary@gmail.com

ਮਿਨੀ ਵਿਅੰਗ

# ਲਾਫਿੰਗ ਬੁੱਧ ਖਾਮੋਸ਼ ਹੈ

ਪ੍ਰੀਤਮ ਸਿੰਘ ਪੰਛੀ

ਮੈਂ ਦਿਨ ਭਰ ਮਿਊਜ਼ੀਅਮ ਵਿਚ ਬੈਠਾ ਬਾਹਰੋਂ ਆਉਣ ਵਾਲੇ ਸੈਲਾਨੀਆਂ ਦੀ ਉਡੀਕ ਵਿਚ ਰਹਿੰਦਾ। ਮਿਊਜ਼ੀਅਮ ਪੇਂਡੂ ਹਲਕੇ ਵਿਚ ਹੋਣ ਕਰਕੇ ਪਿੰਡਾਂ ਦੇ ਲੋਕਾਂ ਦੀ ਭੀੜ ਲੱਗੀ ਰਹਿੰਦੀ। ਉਹ ਮਿਊਜ਼ੀਅਮ ਨੂੰ ਚਿੜੀਆ ਘਰ ਕਹਿੰਦੇ। ਉਹ ਸ਼ੋ ਕੇਸ ਵਿਚ ਬੰਦ ਤੂੜੀ ਭਰਿਆ ਸ਼ੇਰ ਦੇਖਦੇ ਜਾਂ ਫਿਰ ਸ਼ੁਤਰ ਮੁਰਗ ਦੇ ਕਿਲੋ ਭਰ ਦੇ ਆਂਡਿਆਂ ਨੂੰ ਵੇਖ ਨਵੀਂ ਚਰਚਾ ਦਾ ਵਿਸ਼ਾ ਲੈਕੇ ਪਿੰਡਾਂ ਨੂੰ ਪਰਤਦੇ।

ਪੜ੍ਹੇ ਲਿਖੇ ਲੋਕ ਇਤਿਹਾਸਕ ਅਹਿਮੀਅਤ ਦੀਆਂ ਕਲਾ-ਕਿਰਤਾਂ ਵਿਚ ਦਿਲਚਸਪੀ ਲੈਂਦੇ। ਰਾਜਸਥਾਨੀ ਮਿਨੀਏਚਰ ਜਾਂ ਤਿਬਤੀ ਟੈਰਾਕੋਟਾ ਹੋਣ ਜਾਂ ਫਿਰ ਗੁਪਤ ਕਾਲ ਦੀਆਂ ਸੋਨੇ ਦੀਆਂ ਮੋਹਰਾਂ—ਪਰ ਸਭ ਤੋਂ ਵਧ ਉਹਨਾਂ ਨੂੰ "ਲਾਫਿੰਗ ਬੁੱਧ" ਦੀ ਪੱਥਰ ਦੀ ਮੂਰਤੀ ਆਪਣੇ ਵਲ ਖਿੱਚਦੀ। ਭਰਿਆ ਜੁੱਸਾ, ਚੌੜੀ ਛਾਤੀ, ਗੋਲ ਭਰਵਾਂ ਮੁਸਕਰਾਉਂਦਾ ਚਿਹਰਾ, ਵੱਡੀਆਂ ਵੱਡੀਆਂ ਅੱਖਾਂ, ਛੋਟੀ ਗਰਦਨ ਅਤੇ ਚੌੜਾ ਮੱਥਾ।

ਵੱਡੇ ਵੱਡੇ ਸਰਕਾਰੀ ਅਫਸਰ ਜਿਹਨਾਂ ਨੂੰ ਸਰਕਾਰੀ ਰੁਝੇਵੇਂ ਕਾਰਨ ਮੁਸਕਰਾਉਣ ਦੀ ਫੁਰਸਤ ਨ ਹੁੰਦੀ ਉਹ ਵੀ "ਲਾਫਿੰਗ ਬੁੱਧ" ਦੀ ਮੂਰਤੀ ਦੇ ਸਾਹਮਣਿਓਂ ਮੁਸਕਰਾ ਕੇ ਜਾਂਦੇ। ਪਤਾ ਨਹੀਂ ਦੇਸ਼ ਬਦੇਸ਼ ਤੋਂ ਆਉਣ ਵਾਲੇ ਕਿੰਨੇ ਮਹਿਮਾਨਾਂ ਨੂੰ ਮੁਸਕਰਾਉਂਦਿਆਂ ਦੇਖਿਆ ਸੀ। ਜੇ ਕੋਈ "ਲਾਫਿੰਗ ਬੁੱਧ" ਦੀ ਮੂਰਤੀ ਅੱਗੋਂ ਬੇ-ਧਿਆਨਾ ਨਿਕਲ ਜਾਂਦਾ ਤਾਂ ਪਿੱਛੇ ਮੁੜ ਕੇ ਮੈਂ ਦੇਖਦਾ, ਮੂਰਤੀ ਖਾਮੋਸ਼ ਹੈ ਅਤੇ ਉਸਦਾ ਮੁਸਕਰਾਉਂਦਾ ਚਿਹਰਾ ਸੁੰਗੜ ਕੇ ਸੰਜੀਦਾ ਭਾਵਾਂ ਵਾਲੀ "ਧਰਤੀ ਨੂੰ ਛੋਹਣ ਵਾਲੀ ਮੁਦਰਾ" ਵਿਚ ਬਦਲ ਗਿਆ ਹੈ।

ਜਦੋਂ ਕੋਈ ਆਰਕੀਲੋਜੀਕਲ ਮਹਿਕਮੇ ਦਾ ਅਫਸਰ ਆ ਟਪਕਦਾ ਤਾਂ ਮੈਂ ਮਿਊਜ਼ੀਅਮ ਦੇ ਮੀਟਿੰਗ ਰੂਮ ਵਿਚ ਉਹਦਾ ਭਾਸ਼ਨ ਕਰਵਾਕੇ ਪੁਰਾਤਨ ਕਲਾ ਦੀ ਸੇਵਾ ਦਾ ਕੋਈ ਵੀ ਮੌਕਾ ਹੱਥੋਂ ਨਾ ਗੁਆਉਣਾ ਚਾਹੁੰਦਾ।

ਕੇਂਦਰੀ ਆਰਕੀਓਲਾਜੀਕਲ ਮਹਿਕਮੇ ਦੇ ਰੰਗਨਾਥਨ ਬਰਮਾ, ਇੰਡੋਨੇਸ਼ੀਆ ਅਤੇ ਮੰਗੋਲੀਆ ਸਰੀਖੇ ਦੇਸ਼ਾਂ ਦੀ ਯਾਤਰਾ ਤੋਂ ਪਰਤੇ ਸਨ ਅਤੇ ਭਾਰਤ ਦੇ ਮਿਊਜ਼ੀਆਂ ਦਾ ਚੱਕਰ ਕੱਟਦੇ ਇਕ ਦਿਨ ਅਚਾਨਕ ਮੇਰੇ ਦਫਤਰ ਵਿਚ ਆ ਧਮਕੇ ਸਨ। ਮਿਊਜ਼ੀਅਮ ਦੀਆਂ ਕਲਾ-ਕਿਰਤਾਂ ਤੋਂ ਪ੍ਰਭਾਵਿਤ ਹੋਏ। "ਲਾਫਿੰਗ ਬੁੱਧ" ਦੇ ਅੱਗੇ ਖਲੋਤੇ ਦੇਰ ਤੱਕ ਮੁਸਕਰਾਉਂਦੇ ਰਹੇ।

ਬੋਲੇ—"ਅਜਿਹੀ ਇਕ ਮਿਨੀ ਮੂਰਤੀ ਮੰਗੋਲੀਆ ਦੇ ਲੋਕਾਂ ਨੇ ਮੈਨੂੰ ਦਿੱਤੀ ਸੀ। ਸਵੇਰ-ਸਾਰ ਉਠਦਾ ਹਾਂ ਤਾਂ ਭਗਵਾਨ ਬੁੱਧ ਨੂੰ ਮੁਸਕਰਾਉਣ ਦੀ ਅਦਾਅ ਵਿਚ ਦੇਖਦਾ ਹਾਂ। ਰਾਤ ਨੂੰ ਸੌਣ ਲੱਗਦਾ ਹਾਂ ਤਾਂ ਜਾਪਦਾ ਹੈ, ਸਿਰਹਾਣੇ ਆਸਣ ਜਮਾਈ ਬੁੱਧ ਮੁਸਕਰਾ ਰਹੇ ਹਨ। ਘਰ-ਪਰਿਵਾਰ ਮੁਸਕਰਾਨਾਂ ਖਿਲੇਰਦਾ ਲੱਗਦਾ ਹੈ।

ਫਿਰ ਰੰਗਨਾਥਨ "ਲਾਫਿੰਗ ਬੁੱਧ" ਦੀ ਸ਼ੈਲੀ ਵਿਚ ਮੁਸਕਰਾਏ ਤਾਂ ਮੇਰਾ ਧਿਆਨ ਉਹਨਾਂ ਦੇ ਭਰਵੇਂ ਜੁੱਸੇ, ਚੌੜੀ ਛਾਤੀ, ਗੋਲ ਭਰਵੇਂ ਮੁਸਕਰਾਂਦੇ ਚਿਹਰੇ, ਵੱਡੀਆਂ ਵੱਡੀਆਂ ਅੱਖਾਂ, ਛੋਟੀ ਗਰਦਨ ਅਤੇ ਸਿਰ ਦੇ ਅਮਰੀਕਨ ਕਟ ਵਾਲਾਂ ਉੱਤੇ ਜਮ ਗਿਆ ਅਤੇ ਮੈਂ ਉਸਦੇ ਪਿਛਲੇ ਜਨਮ ਦੀ ਕਲਪਨਾ ਕਰਨ ਲੱਗਾ।

ਮੀਟਿੰਗ ਵਿਚ ਰੰਗਨਾਥਨ ਜਜ਼ਬਾਤ ਦੀ ਰੌ ਵਿਚ ਵਹਿ ਗਏ ਸਨ। ਉਹਨਾਂ ਨੇ ਕਿਹਾ—"ਜਦੋਂ ਮੈਂ ਮੰਗੋਲੀਆ ਦੇ ਇਕ ਬੁੱਧ-ਮੰਦਰ ਨੂੰ ਦੇਖਕੇ ਵਿਚ ਗਿਆ ਤਾਂ ਲੋਕ ਬੁੱਧ ਦੀ ਪਵਿਤਰ ਧਰਤੀ ਤੋਂ ਆਏ ਇਕ ਆਦਮੀ ਫੁੱਲੇ ਨਾ ਸਮਾਏ। ਉਹ ਮੇਰਾ ਅੰਗ ਅੰਗ ਛੂਹਕੇ ਦੇਖਦੇ,ਜਿਵੇਂ ਮੈਂ ਵੀ ਉਸ ਪਵਿ-ਤਰ ਧਰਤੀ ਦਾ ਕਣ ਹੋਵਾਂ ਜਿਥੇ ਬੁੱਧ ਨੇ ਜਨਮ ਲਿਆ ਸੀ। ਮੈਂ ਵੀ ਬੁੱਧ ਦੇ ਅਜਿਹੇ ਭਗਤਾਂ ਵਿਚ ਆਪਣੇ ਆਪ ਨੂੰ ਦੇਖ ਕੇ ਧੰਨ ਧੰਨ ਹੋ ਉਠਿਆ ਸਾਂ।

ਰੰਗਨਾਥਨ ਦਾ ਉਪਦੇਸ਼ ਆਪਣੀ ਪੂਰੀ ਰਵਾਨੀ ਵਿਚ ਸੀ ਕਿ ਉਹ ਅਚਾਨਕ ਰੁਕੇ ਪਰ ਦੂਜੇ ਪਲ ਜਦੋਂ ਉਹਨਾਂ ਨੇ ਆਪਣੇ ਮੱਥੇ ਦਾ ਪਸੀਨਾ ਪੂੰਝ ਕੇ ਦੁਬਾਰਾ ਬੋਲਣਾ ਸ਼ੁਰੂ ਕੀਤਾ ਤਾਂ ਇਕ ਆਦਮੀ ਉਠਕੇ ਖਲੋ ਗਿਆ। ਬੋਲਿਆ— "ਇਕ ਸੁਆਲ ਹੈ ਸਾਬ।"



Namdhari Elibrary NamdhariElibrary@gmail.com

"ਪੁੱਛੋ, ਕੀ ਪੁਛਣਾ ਚਾਹੁੰਦੇ ਹੋ ?

"ਸਾਬ ! ਜਦੋਂ ਉਹ ਲੋਕ ਤੁਹਾਨੂੰ ਛੂ ਰਹੇ ਸਨ ਤਾਂ ਪੱਛਮੀ ਪੋਸ਼ਾਕ ਵਿਚ ਦੇਖ ਕੇ ਉਨ੍ਹਾਂ ਦੇ ਮਨ ਵਿਚ ਕੋਈ ਵਿਕਾਰ ਨਾ ਉਠਿਆ । ? ਕੀ ਉਹ ਇਸ ਨੂੰ ਵੀ ਬੁੱਧ ਦੀ ਧਰਤੀ ਦਾ ਵਰਦਾਨ ਹੀ ਸਮਝਦੇ ਰਹੇ ?"

ਮੀਟਿੰਗ ਵਿਚ ਖਾਮੋਸ਼ੀ ਦੀ ਸੰਜੀਦਗੀ ਦਾ ਸਾਰਿਆਂ ਨੂੰ ਅਹਿਸਾਸ ਹੋਇਆ ਅਤੇ ਰੰਗਨਾਥਨ ਦਾ ਉਪਦੇਸ਼ ਇਕ ਠੰਡੇ ਸਾਹ ਦੀ ਹਵਾੜ ਵਿਚ ਗੁਆਚ ਗਿਆ ।

ਖਾਮੋਸ਼ੀ ਦੇ ਦੂਜੇ ਪਲ ਰੰਗਨਾਥਨ ਨੇ "ਲਾਫ਼ਿੰਗ ਬੁੱਧ ਦੀ ਸ਼ੈਲੀ ਵਿਚ ਮੁਸਕਰਾਉਣ ਦੀ ਕੋਸ਼ਸ਼ ਕੀਤੀ ਪਰ ਹੋਠ ਨਹੀਂ ਖੁਲ੍ਹੇ ਅਤੇ ਉਦੋਂ ਤੱਕ ਦਸ-ਬਾਰਾਂ ਆਦਮੀਆਂ ਦੀ ਛੋਟੀ ਮੀਟਿੰਗ ਖਿੰਡ ਪੁੰਡ ਚੁੱਕੀ ਸੀ ਅਤੇ ਮੈਂ ਹੁਣ ਵੀ ਰੰਗਨਾਥਨ ਦੇ "ਲਾਫ਼ਿੰਗ ਬੁੱਧ" ਦੀ ਬਰਾਬਰੀ ਵਾਲੇ ਚਿਹਰੇ ਨੂੰ ਇਕ ਟੱਕ ਵੇਖੀ ਜਾ ਰਿਹਾ ਸਾਂ ਜੋ ਮੁਸਕਰਾ ਨਹੀਂ ਸੀ ਰਿਹਾ ।

ਦੈਨਿਕ ਵੀਰ ਅਰਜੁਨ
ਨਵੀਂ ਦਿੱਲੀ-1

---

++++++++++++++++++++++++++++++++++++

- ਜਿਸ ਦੇ ਸਿਰ ਤੇ ਪ੍ਰਭੂ ਦੀ ਮੇਹਰ ਦਾ ਹੱਥ ਹੈ, ਉਸ ਦੀ ਭਾਵੇਂ ਕੋਈ ਵੀ ਰਖਿਆ ਨਾ ਕਰੇ, ਉਹ ਸੁਰਖਿਅਤ ਰਹਿੰਦਾ ਹੈ । ਚੰਗੀ ਤਰ੍ਹਾਂ ਸੰਭਾਲ ਕੇ ਰਖੀ ਹੋਈ ਚੀਜ਼ 'ਉਸ' ਵਲੋਂ ਨਸ਼ਟ ਕੀਤੀ ਜਾਏ ਤਾਂ ਉਹ ਨਸ਼ਟ ਹੋ ਕੇ ਰਹਿੰਦੀ ਹੈ । ਬਨ ਵਿਚ ਰਹਿ ਰਿਹਾ ਲਾਵਾਰਸ 'ਉਸ' ਦੀ ਰਾਖੀ ਵਿਚ ਜੀਉਂਦਾ ਹੈ, ਪਰ ਘਰ ਵਿਚ ਹਰ ਹੀਲਾ ਕਰਨ ਤੇ ਵੀ 'ਉਸ' ਦਾ ਮਾਰਿਆ ਹੋਇਆ ਮਰ ਕੇ ਰਹਿੰਦਾ ਹੈ ।
- ਵਿਦਵਾਨ ਲੋਕ ਗਿਆਨ, ਸੂਰਬੀਰਤਾ, ਧਨ ਦੌਲਤ ਤੇ ਸ਼ੁਭ ਗੁਣਾਂ ਵਾਲੇ ਜੀਵਨ ਨੂੰ ਅਸਲੀ ਜੀਵਨ ਕਹਿੰਦੇ ਹਨ ਭਾਵੇਂ ਉਹ ਜੀਵਨ ਇਕ ਪਲ ਲਈ ਕਿਉਂ ਨਾ ਹੋਵੇ । ਉਂਝ ਤਾਂ ਕਾਂ ਵੀ ਜੂਠ ਆਦਿ ਖਾ ਕੇ ਚਿਰਕਾਲ ਤਕ ਜੀਉਂਦਾ ਰਹਿੰਦਾ ਹੈ ।
- ਸਲਾਹ ਉਥੇ ਹੀ ਦੇਣੀ ਚਾਹੀਦੀ ਹੈ, ਜਿਥੇ ਇਸ ਦਾ ਅਸਰ ਹੋਵੇ, ਜਿਵੇਂ ਚਿਟੇ ਕਪੜੇ ਤੇ ਲਾਲ ਰੰਗ ਦਾ ਅਸਰ ਚੋਰ ਚਿਰ ਰਹਿੰਦਾ ਹੈ ।
- ਦਸੀ ਹੋਈ ਗੱਲ ਨੂੰ ਤਾਂ ਡੰਗਰ ਵੀ ਸਮਝ ਲੈਂਦੇ ਹਨ, ਘੋੜਿਆਂ ਤੇ ਹਾਥੀਆਂ ਤੋਂ ਪੁਚਕਾਰ ਕੇ ਭਾਰ ਢੁਵਾਇਆ ਜਾ ਸਕਦਾ ਹੈ ਪਰ ਬੁੱਧੀਵਾਨ ਲਈ ਤਾਂ ਇਸ਼ਾਰਾ ਹੀ ਕਾਫੀ ਹੈ, ਉਹ ਦੂਜਿਆਂ ਦੇ ਮਨ ਨੂੰ ਇਕ ਦਮ ਜਾਣ ਲੈਂਦੇ ਹਨ ।
- ਛੇਆਂ ਕੰਨਾਂ ਵਿਚ ਗਈ-ਹੋਈ ਗੱਲ ਨਿਕਲ ਜਾਂਦੀ ਹੈ, ਪਰ ਚਹੁੰ ਕੰਨਾਂ ਵਿਚ ਗਈ ਹੋਈ ਗਲ ਗੁਪਤ ਰਹਿੰਦੀ ਹੈ । ਇਸ ਲਈ ਸਿਆਣੇ ਆਦਮੀ ਨੂੰ ਚਾਹੀਦਾ ਹੈ ਕਿ ਉਹ ਅਜੇਹਾ ਉਪਾ ਕਰੇ ਜਿਸ ਨਾਲ ਗਲ ਛੇਆਂ ਕੰਨਾਂ ਤਕ ਨਾ ਪੁਜ ਸਕੇ ।

**ਪੰਜ ਤੰਤਰ ਵਿਚੋਂ**

++++++++++++++++++++++++++++++++++++

# ਚਾਚੇ ਦਾ ਹੋਟਲ

ਇਕ ਆਦਮੀ "ਚਾਚੇ ਦਾ ਹੋਟਲ" ਵਿਚ ਦਾਖਲ ਹੋਇਆ ਅਤੇ ਜਾਂਦਾ ਹੀ ਪਾਣੀ ਵਾਲੀ ਟੂਟੀ ਵਿਚੋਂ ਪਾਣੀ ਲੈ ਕੇ ਗਰਾਰੇ ਕਰਨ-ਲਗ ਪਿਆ । ਜਦੋਂ ਦੋ ਚਾਰ ਵਾਰ ਪਹਿਲਵਾਨੀ ਢੰਗ ਨਾਲ ਲੰਮੇ ਲੰਮੇ ਗਰਾਰੇ ਕੀਤੇ ਤਾਂ ਸਾਰੇ ਗਾਹਕ ਤੰਗ ਪੈ ਗਏ ਤੇ ਮੈਨੇਜਰ ਕੋਲ ਜਾ ਸ਼ਕਾਇਤ ਕੀਤੀ ।

"ਸ੍ਰੀ ਮਾਨ ਜੀ ਇਹ ਕੀ ਕਰ ਰਹੇ ਹੋ" ? ਮੈਨੇਜਰ ਨੇ ਕਿਹਾ, "ਤੁਹਾਨੂੰ ਹੋਟਲਾਂ ਦੇ ਆਦਾਬ ਦਾ ਨਹੀਂ ਪਤਾ । ਕੀ ਤੁਸੀਂ ਕਦੀ ਕਿਸੇ ਹੋਟਲ ਚ ਗਏ ਵੀ ਹੋ ਅਗੇ ?"

"ਹਾਂ ਗਿਆ ਸਾਂ" ਉਸ ਨੇ ਉਤਰ ਦਿਤਾ ।

'ਕੇਹੜੇ ਹੋਟਲ ਵਿਚ'

"ਮੈਂ ਪਲਾਜ਼ਾ, ਗੇ ਲਾਰਡ, ਰਿਟਜ਼, ਸਕਾਈ ਲਾਰਕ ਸਾਰੇ ਹੋਟਲਾਂ ਵਿਚ ਹੀ ਗਿਆ ਹਾਂ" ਉਹਨੇ ਆਕੜ ਕੇ ਕਿਹਾ ।

"ਉਹਨਾਂ ਤੈਨੂੰ ਆਖਿਆ ਨਹੀਂ ਕੁਝ"

"ਹਾਂ ਕਿਹਾ ਸੀ— ਜੇ ਏਦਾਂ ਕਰਨਾ ਈ ਤਾਂ ਚਾਚੇ ਦੇ ਹੋਟਲ ਵਿਚ ਚਲਾ ਜਾ"



Namdhari Elibrary NamdhariElibrary@gmail.com

ਘੁੰਣਤਰਾਂ

## ਬੁਰਕ-ਮਾਰ ਕਵੀ

ਦਲਬੀਰ

ਰਾਮ ਲਾਲ ਬਨਵਾਰਵੀ ਉਰਫ "ਦਿਲਬਰ" ਭਾਵੇਂ ਇਕ ਸਰਕਾਰੀ ਮਹਿਕਮੇ ਵਿਚ ਲੋਅਰ ਡਵੀਯਨ ਕਲਰਕ ਦਾ ਕੰਮ ਕਰਦਾ ਸੀ, ਪਰ ਉਸ ਦਾ ਇਕ ਸ਼ੁਗਲ ਕਵਿਤਾ ਲਿਖਣਾ ਵੀ ਸੀ। ਜੇਕਰ ਤੁਸੀਂ ਕਿਸੇ ਕਵੀ ਸੱਜਣ ਨੂੰ ਪੁਛੋ ਕਿ ਉਸ ਦਾ ਸ਼ੁਗਲ ਕੀ ਹੈ ਤਾਂ ਉਹ ਬੜੀ ਨਿਰਮਾਣਤਾ ਨਾਲ ਉੱਤਰ ਦਏਗਾ,"ਜੀ ਬਸ ਕਵਿਤਾ ਨੂੰ ਥੋੜਾ ਬਹੁਤਾ ਮੂੰਹ ਮਾਰ ਲਈਦਾ ਹੈ।" ਤੇ ਜੇ ਕਵਿਤਾ ਨੂੰ ਮੂੰਹ ਮਾਰਨ ਵਾਲੀ ਗੱਲ ਨੂੰ ਸ੍ਰੀ ਰਾਮ ਲਾਲ ਬਨਵਾਰਵੀ ਉਰਫ "ਦਿਲਬਰ" ਦੇ ਨਾਲ ਜੋੜ ਕੇ ਕਰੀਏ, ਤਾਂ ਕਿਹਾ ਜਾ ਸਕਦਾ ਹੈ ਕਿ ਉਹ ਕਵਿਤਾ ਨੂੰ ਬੁਰਕ ਮਾਰਦੇ ਹਨ।

"ਦਿਲਬਰ" ਉਹਨਾਂ ਦਾ ਤਖ਼ੱਲਸ ਹੈ ਤੇ ਇਹ ਉਨ੍ਹਾਂ ਦਾ ਕਿੰਨਵਾਂ ਤਖ਼ੱਲਸ ਹੈ, ਸ਼ਾਇਦ ਉਹ ਆਪ ਵੀ ਨਹੀਂ ਜਾਣਦੇ। ਬਸ ਉਨ੍ਹਾਂ ਨੂੰ ਇਕੋ ਤਖ਼ੱਲਸ ਦਾ ਚੇਤਾ ਹੈ ਜਿਹੜਾ ਉਨ੍ਹਾਂ ਨੂੰ ਛੱਡ ਦੇਣਾ ਪਿਆ ਸੀ। ਕਾਲਜ ਦੇ ਦਿਨਾਂ ਵਿਚ ਉਨ੍ਹਾਂ ਆਪਣਾ ਨਾਂ 'ਦੁਖੀ' ਰੱਖ ਲਿਆ। ਪਿਉ ਨੇ ਇਕ ਦਿਨ ਬੁਲਾ ਕੇ ਪੁਛਿਆ, "ਕਿਉਂ ਬਈ ਪੁੱਤਰ ਤੂੰ ਬਿਮਾਰ ਹੈਂ?"

"ਨਹੀਂ ਜੀ!"

"ਤੈਨੂੰ ਪੈਸੇ ਧੇਲੇ ਦੀ ਥੁੜ੍ਹ ਹੈ?"

"ਨਹੀਂ ਜੀ!" ਦੁਖੀ ਸਾਹਬ ਹੈਰਾਨ ਸਨ।

"ਹੋਰ ਕੋਈ ਤਕਲੀਫ?"

"ਜੀ ਬਿਲਕੁਲ ਨਹੀਂ"

"ਤਾਂ ਫਿਰ ਨਾਮ ਨਾਲ ਇਹ ਪਿਉ ਵਾਲਾਂ "ਦੁਖੀ" ਕਿਉਂ ਲਾਇਆ ਹੋਇਆ ਵੇ?"

ਪਿਉ ਅੱਪਰ ਡਵੀਯਨ ਕਲਰਕ ਸੀ ਤੇ ਉਹ ਜਾਣਦਾ ਸੀ ਕਿ ਇਹੋ ਜਹੇ ਲਾਭਕਾਰੀ ਆਹੁਦੇ ਤੇ ਬੰਦਾ ਅਹੁਦੇ ਦੀ ਤਰੱਕੀ ਭਾਵੇਂ ਨਾ ਕਰੇ ਪਰ ਫੇਰ ਵੀ ਸੁਖ ਨਾਲ ਰੋਟੀ ਤਾਂ ਖਾਂਦਾ ਹੀ ਹੈ। ਨਹੀਂ ਤਾਂ ਅਜ ਕਲ ਦੇ ਜ਼ਮਾਨੇ ਵਿਚ ਰੋਟੀ ਵੀ ਕਿਹੜਾ ਬੰਦਾ ਸੁਖਾਲੀ ਖਾ ਸਕਦਾ ਹੈ। ਉਸਦੀ ਇੱਛਾ ਸੀ ਕਿ ਉਸ ਦਾ ਪੁੱਤਰ ਰਾਮ ਲਾਲ ਪੜ੍ਹ ਲਿਖ ਕੇ ਚਲੋ ਸੁਪਰਡੈਂਟ ਨਾ ਬਣੇ ਤਾਂ ਚਲੋ ਕਲਰਕ-ਹੀ ਸਹੀ। ਪਰ ਉਸ ਦੀਆਂ ਆਸਾਂ ਤੇ ਪਾਣੀ ਫਿਰ ਗਿਆ ਜਦੋਂ ਉਸ ਆਪਣੇ ਹੋਣਹਾਰ ਪੁਤਰ ਦੀ ਕਵੀਆਂ ਵਾਲੀ ਚਾਲ ਢਾਲ ਵੇਖੀ।

ਖੈਰ ਉਸ ਵੱਡੇ ਸਾਹਿਬ ਨੂੰ ਕਹਿ ਕਹਾ ਕੇ ਰਾਮ ਲਾਲ ਨੂੰ ਕਲਰਕ ਲੁਆ ਦਿਤਾ ਅਤੇ ਰਾਮ ਲਾਲ ਬਨਵਾਰਵੀ ਉਰਫ ਦਿਲਬਰ ਫਾਈਲਾਂ ਦੇ ਢੇਰ ਪਿਛੇ ਬੈਠਾ ਕਿਸੇ ਸੁੰਦਰ ਔਰਤ ਦੇ ਇਸ਼ਕ ਵਿਚ ਕਵਿਤਾ ਲਿਖਦਾ ਰਹਿੰਦਾ ਹਾਲਾਂ ਕਿ ਉਸ-ਦਾ ਕਦੇ ਕਿਸੇ ਔਰਤ ਨਾਲ(ਸੁੰਦਰ ਤਾਂ ਦੂਰ ਦੀ ਗੱਲ ਹੈ) ਇਸ਼ਕ ਨਹੀਂ ਸੀ। ਪਰ ਉਸ ਦਾ ਵਿਚਾਰ ਸੀ ਕਿ ਉਨਾ ਚਿਰ ਸੰਪੂਰਨ ਕਵੀ ਨਹੀਂ ਬਣਿਆ ਜਾ ਸਕਦਾ ਜਿੰਨਾ ਚਿਰ ਇਸ਼ਕ ਬਾਰੇ ਕਵਿਤਾ ਨਾ ਲਿਖੀ ਜਾਵੇ।

ਇਕ ਵਾਰ ਦੀ ਗੱਲ ਹੈ ਕਿ ਰਾਮ ਲਾਲ ਬਨਵਾਰਵੀ ਨੂੰ ਇਕਹੋਰ ਬੁਰਕ-ਮਾਰ ਕਵੀ ਟੱਕਰ ਪਿਆ। ਅਨੇ ਕਾਣੇ ਦੀ ਜੋੜੀ ਵਾਂਗ ਉਹ ਖੁਸ਼ੀ ਖੁਸ਼ੀ ਕੇਂਟੀਨ ਵਲ ਚਲ ਪਏ। ਚਾਹ ਦੇ ਪਿਆਲੇ ਹਾਲੇ ਖ਼ਤਮ ਵੀ ਨਹੀਂ ਹੋਏ ਸਨ ਕਿ ਹੰਗਾਮਾ ਮਚ ਗਿਆ। ਅਗੇ ਅਗੇ ਨਵਾਂ ਕਵੀ ਤੇ ਮਗਰ ਮਗਰ ਰਾਮ ਲਾਲ ਬਨਵਾਰਵੀ ਉਰਫ ਦਿਲਬਰ ਚ ਹੋ ਦਾਹੀ ਇੰਜ ਨੱਸੇ ਜਿਵੇਂ ਮਗਰ ਬੱਬਰ ਸ਼ੇਰ ਆ ਰਿਹਾ ਹੋਵੇ। ਦਫਤਰੋਂ ਨਿਕਲ ਉਹ ਸੜਕ ਤੇ ਆ ਗਏ। ਲੋਕ ਇਸ ਅਜੀਬ ਦੌੜ ਨੂੰ ਵੇਖ ਵੇਖ ਹੈਰਾਨ ਹੋਈ ਜਾ ਰਹੇ ਸਨ। ਲੋਕਾਂ ਨੇ ਸ਼ਾਇਦ ਨਵੇਂ ਕਵੀ ਨੂੰ ਚੋਰ ਸਮਝਿਆ ਹੋਵੇ,ਸੋ ਉਨ੍ਹਾਂ ਅਗੇ ਭੱਜੇ ਜਾਂਦੇ ਨੂੰ ਫੜ ਲਿਆ। ਇਹ ਠੀਕ ਹੈ ਕਿ ਬਾਦ ਵਿਚ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਉਹ ਚੋਰ ਨਹੀਂ ਸਨ ਸਗੋਂ ਕਵੀ ਸਨ। ਪਰ ਰਾਮ ਲਾਲ ਦੇ ਦੁਸ਼ਮਣ ਤੇ ਰਕੀਬ ਉਸ ਉਤ ਦੋਸ਼ ਲਾਉਂਦੇ ਹਨ ਕਿ ਹੋਰ ਕਵੀਆਂ ਦੇ ਸ਼ਿਅਰ ਚੋਰੀ ਕਰਦਾ ਹੁੰਦਾ ਹੈ ਤੇ ਉਨ੍ਹਾਂ ਨੂੰ ਆਪਣੇ ਨਾਮ ਹੇਠ ਸੁਣਾਇਆ ਕਰਦਾ ਹੈ। ਇਕ ਵਾਰ ਉਸ ਸ਼ੇਅਰ ਸੁਣਾਇਆ:

"ਇਸ਼ਕ ਨੇ 'ਦਿਲਬਰ' ਨਿਕੰਮਾ ਕਰ ਦੀਆ
ਵਰਨਾ ਹਮ ਭੀ ਆਦਮੀ ਥੇ ਕਾਮ ਕੇ।"

"ਇਹ ਤਾਂ ਗ਼ਾਲਬ ਦਾ ਸ਼ੇਅਰ ਹੈ।" ਕਿਸੇ ਵਿਚੋਂ ਕਿਹਾ।

"ਇਹ ਘਟੀਆ ਸ਼ਾਇਰ ਚੋਰੀ ਬਹੁਤ ਕਰਦੇ ਹਨ। ਗ਼ਾਲਬ ਨੇ ਮੇਰਾ ਸ਼ੇਅਰ ਚੋਰੀ ਕੀਤਾ ਹੋਣਾ ਏ। ਮੈਨੂੰ ਉਹ



Namdhari Elibrary NamdhariElibrary@gmail.com

ਦਾ ਪਤਾ ਦਸੀਂ, ਮੈਂ ਉਹਦੇ ਮੁੱਕਦਮਾਂ ਕਰੂੰਗਾ।"

ਇਹ ਤਾਂ ਗੱਲ ਹੋਈ ਸ਼ਾਇਰੀ ਦੀ ਪਰ ਅਸਲ ਗੱਲ ਤਾਂ ਦੌੜ ਦੀ ਲਗ ਰਹੀ ਸੀ। ਜਦੋਂ ਲੋਕਾਂ ਉਸ ਮੁਹਜ਼ਬ 'ਚੋਰ' ਨੂੰ ਫੜ ਲਿਆ ਤਾਂ ਰਾਮ ਲਾਲੂ ਨੇ "ਹੁਣ ਕਿਥੇ ਜਾਏਂਗਾ ਬੱਚੂ" ਵਾਲੇ ਅੰਦਾਜ਼ ਵਿਚ ਉਸ ਨੂੰ ਗਲਮਿਉਂ ਫੜ ਲਿਆ। ਭੀੜ ਵਿਚ ਕਾਫੀ ਉਤਸੁਕਤਾ ਪੈਦਾ ਹੋ ਗਈ ਸੀ, ਸੋ ਕਿਸੇ ਨੇ ਪੁੱਛ ਲਿਆ,

"ਦਿਲਬਰ ਜੀ, ਕੀ ਚੋਰੀ ਕੀਤਾ ਇਸਨੇ ?"

"ਚੋਰੀ ਨਹੀਂ ਕੀਤਾ ਕੁਝ ਵੀ। ਵੱਡਾ ਚਤਰ ਬਣਦਾ ਪਿਆ ਹੈ, ਆਪ ਤਾਂ ਮੈਨੂੰ ਆਪਣੀ ਕਵਿਤਾ ਸੁਣਾ ਦਿਤੀ, ਪਰ ਜਦੋਂ ਮੈਂ ਸੁਨਾਉਣ ਲਗਾ ਤਾਂ ਸੁਹਦਾ ਭੱਜ ਲਿਆ। ਪਰ ਮੈਂ ਵੀ ਪਿਛਾ ਛੱਡਣ ਵਾਲਾ ਨਹੀਂ, ਕਵਿਤਾ ਸੁਣਾ ਕੇ ਹੀ ਹਟਾਂਗਾ।" ਕਵੀ ਜਿਹੜਾ ਪਹਿਲਾਂ ਏਨੀ ਖੁਸ਼ੀ ਵਿਚ ਠੱਸੀ ਜਾ ਰਿਹਾ ਸੀ, ਹੁਣ ਇਉਂ ਰਾਮ ਲਾਲ-ਬਨਵਾਰਵੀ ਉਰਫ "ਦਿਲਬਰ" ਦੇ ਨਾਲ ਜਾ ਰਿਹਾ ਸੀ, ਜਿਵੇਂ ਬਕਰੀ ਕਸਾਈ ਦੇ ਨਾਲ ਜਾ ਰਹੀ ਹੋਵੇ।

ਰਾਮ ਲਾਲ ਬਨਵਾਰਵੀ ਨਾਲ ਮੇਰੀ ਵੀ ਜਾਣ ਪਹਿ-ਚਾਣ ਹੋ ਗਈ ਤੇ ਪਹਿਲੀ ਹੀ ਮੁਲਾਕਾਤ ਵਿਚ ਉਸ ਨੇ ਮੈਨੂੰ ਕਵਿਤਾਵਾਂ ਨਾਲ ਏਨਾ ਨਿਹਾਲ ਕਰ ਦਿਤਾ ਕਿ ਮੈਂ ਬਾਕੀ ਸਭ ਕਵੀਆਂ ਨਾਲੋਂ ਰਾਮ ਲਾਲ ਨੂੰ ਬਿਹਤਰ ਕਵੀ ਮੰਨਣ ਲਗ ਪਿਆ। ਉਸ ਦੀ ਕਵਿਤਾ ਦੀ ਇਕ ਵੰਨਗੀ ਵੇਖੋ :

ਮੇਰਾ ਭੋਲਾ ਦਿਲ ਤੇਰੀ ਸੂਰਤ ਤੇ ਆ ਗਿਆ ਏ।
ਜਿਵੇਂ ਆਂਡਾ ਭੁੜਕ ਕੇ ਘਾਹ ਤੇ ਜਾ ਪਿਆ ਏ।
ਤੂੰ ਸਮਝ ਨਾ ਆਪਣੇ ਆਪ ਨੂੰ ਹੂਰਾਂ ਪਰੀ,
ਦਿਲਬਰ ਕਿਹੜਾ ਸਿਹਰਾ ਬੰਨ ਕੇ ਆ ਗਿਆ ਏ
ਤੂੰ ਜੇ ਨਹੀਂ ਬੋਲਣਾ ਸਿੱਧੇ ਮੂੰਹ ਨਾਲ
ਮੈਂ ਵੀ ਬੁਲਾ ਕਿਹੜਾ ਰਾਜ਼ੀ ਹਾਂ।
ਇੰਜ ਚਾਹੁੰਦੀ ਏਂ ਬੁੱਕਲ ਵਿਚ ਲੁਕਾਉਣਾ
ਜਿਵੇਂ ਥੈਲੇ ਵਿਚ ਪਾਈ ਤਰਕਾਰੀ ਭਾਜੀ ਹਾਂ।
ਦਿਲ ਦੇਣਾ ਈ ਤਾਂ ਦੇ ਦੇ ਤੂੰ ਚੁਪ ਕਰਕੇ
ਬਹੁਤੀ ਅੜਿੰਗ ਬੜਿੰਗ ਕਰੀ ਨਾ ਜਾਹ,
ਨਹੀਂ ਤਾਂ ਲੈ ਜਾ ਏਸ ਸੜੇ ਹੋਏ ਨੂੰ
ਮੈਂ ਕਿਹੜਾ ਕੋਈ ਮੁੱਲਾਂ ਜਾਂ ਕਾਜ਼ੀ ਹਾਂ।

ਇਕ ਵਾਰ ਤਾਂ ਮੈਂ ਸੋਚਿਆ ਕਿ ਸਿਫ਼ਾਰਸ਼ ਕਰ ਦੇਵਾਂ ਕਿ ਜਿਸ ਕਿਸੇ ਬੰਦੇ ਨੂੰ ਦੇਸ਼ ਨਿਕਾਲਾ ਦੇਣਾ ਹੋਵੇ, ਉਸ ਨੂੰ ਰਾਮ ਲਾਲ "ਦਿਲਬਰ" ਨਾਲ ਮਿਲਾ ਦਿਤਾ ਜਾਵੇ ਤਾਂ ਜੋ ਉਹ ਕਵਿਤਾ ਸੁਣ ਕੇ ਆਪ ਹੀ ਸਿਰ ਤੇ ਪੈਰ ਰੱਖ ਕੇ ਭੱਜ ਜਾਵੇ। ਪਰ ਫੇਰ ਮੈਂ ਇਸ ਵਿਚਾਰ ਨੂੰ ਮੱਖਣ ਵਿਚੋਂ ਵਾਲ ਵਾਂਗ ਦਿਮਾਗ਼ ਵਿਚੋਂ ਬਾਹਰ ਕੱਢ ਮਾਰਿਆ। ਮੈਂ ਹਾਲੇ ਦੇਸ ਨਿਕਾਲਾ ਨਹੀਂ ਚਾਹੁੰਦਾ।

ਪਰ ਫੇਰ ਵੀ ਰਾਮ ਲਾਲ ਦੀ ਨਿਤ ਦਿਹਾੜੀ ਦੀ ਧੀਠਤਾਈ ਕਾਰਨ ਉਸ ਨਾਲ ਜਿਹੜੀ ਸੰਗਤ ਹੁੰਦੀ ਹੈ ਉਸ ਸਿੱਟੇ ਵਜੋਂ ਮੈਂ ਵੀ ਅਜ ਕਲ ਕਵਿਤਾ ਨੂੰ ਬੁਰਕ ਮਾਰਨ ਲਗ ਪਿਆ। ਪਿਛਲੇ ਇਕ ਮਹੀਨੇ ਵਿਚ ਮੈਂ ਕਈ ਕਵਿਤਾਵਾਂ ਲਿਖੀਆਂ। ਚਿਤ ਕਰਦਾ ਹੈ ਕਿ ਉਹ ਸਾਰੀਆਂ ਤੁਹਾਨੂੰ ਸੁਣਾਵਾਂ, ਪਰ ਫੇਰ ਖਿਆਲ ਆਉਂਦਾ ਹੈ ਕਿ...... ਚਲੋ ਛੱਡੋ ਤੁਸੀਂ ਮੇਰੀ ਸਿਰਫ ਇਕ ਕਵਿਤਾ ਸੁਣੋ। ਇਹ ਕਵਿਤਾ ਮੇਰੇ ਕਵਿਤਾ ਦੇ ਉਸਤਾਦ ਸ੍ਰੀ ਰਾਮ ਲਾਲ ਬਨਵਾਰਵੀ ਉਰਫ "ਦਿਲਬਰ" ਉਤੇ ਲਿਖੀ ਹੋਈ ਹੈ। ਉਨ੍ਹਾਂ ਦੇ ਕਹਿਣ ਤੇ ਮੈਂ ਆਪਣਾ ਤਖੱਲਸ"ਫਟੜ" ਰੱਖ ਲਿਆ ਹੈ।

ਸ਼ਾਇਰ ਵੀ ਤਾਂ ਬੰਦਾ ਹੈ, ਕੰਮ ਬੰਦਿਆਂ ਵਾਲੇ ਕਰਦਾ ਹੈ
ਸ਼ਾਇਰ ਜੇਕਰ ਬੰਦਾ ਨਹੀਂ, ਤਾਂ ਸ਼ਾਇਰੀ ਸਿਰ ਦੀ ਕਰਦਾ ਹੈ ?
ਖੱਬੇ ਪਾਸਿਉਂ ਵੜ ਜਾਣੇ ਤੇ ਸੱਜੇ ਪਾਸਿਓਂ ਨਿਕਲ ਜਾਵੇ,
ਏਦਾਂ ਕਰਕੇ ਹੀ ਯਾਰੋ ਇਸ ਦੁਨੀਆਂ ਅੰਦਰ ਸਰਦਾ ਹੈ।
ਉਸਤਤ ਕਰਾਂ ਕੀ ਸ਼ਾਇਰ ਦੀ, ਸ਼ਾਇਰ ਤਾਂ ਸ਼ਾਇਰ ਹੀ ਹੈ
ਆਪਣੇ ਨਾਲੋਂ ਵੱਡੇ ਦੀ, ਗੱਲ ਕਰਦਾ "ਫੱਟੜ" ਡਰਦਾ ਹੈ।
ਦਿਲ ਵਿਚੋਂ ਗੱਲ ਨਿਕਲੀ ਹੈ, ਐਵੇਂ ਕੋਕੋਂ ਨਹੀਂ ਆਈ,
ਕਵਿਤਾ ਦੇ ਖੇਤਾਂ ਵਿਚ ਜਿਉਂ ਇਕ ਕਾਲਾ ਝੋਟਾ ਚਰਦਾ ਹੈ!

ਮੇਰਾ ਖਿਆਲ ਹੈ ਕਿ ਇਸ ਕਵਿਤਾ ਲਈ ਮੈਨੂੰ ਪੰਜ ਹਜ਼ਾਰ ਦਾ ਇਨਾਮ ਜ਼ਰੂਰ ਮਿਲ ਜਾਏਗਾ। ਮੇਰੀ ਪਾਠਕਾਂ ਨੂੰ ਅਪੀਲ ਹੈ ਕਿ ਉਹ ਚਿੱਠੀਆਂ ਪਾ ਕੇ ਇਨਾਮ ਦੇਣ ਵਾਲਿਆਂ ਨੂੰ ਮੇਰੀ ਸਿਫਾਰਸ਼ ਕਰਨ। (ਇਨਾਮ ਮਿਲਣ ਤੇ ਡਾਕ ਤੇ ਹੋਇਆ ਖਰਚ ਅਦਾ ਕਰ ਦਿਤਾ ਜਾਵੇਗਾ) ਬਾਕੀ ਕਵਿ-ਤਾਵਾਂ ਇਨਾਮ ਮਿਲਣ ਤੇ ਸੁਣਾਵਾਂਗਾ, ਉਨਾ ਚਿਰ ਮੇਰੇ ਪਰਸੰਸਕ ਦਿਲ ਤੇ ਪੱਥਰ ਰੱਖ ਲੈਣ (ਕਿਉਂਕਿ ਪੱਥਰ ਉਹ ਮਾਰ ਉਨਾ ਚਿਰ ਨਹੀਂ ਸਕਦੇ ਜਿੰਨਾ ਚਿਰ ਮੈਂ ਸਟੇਜ ਤੇ ਨਾ ਆਵਾਂ ਤੇ ਸਟੇਜ ਤੇ ਹਾਲੇ ਮੈਂ ਆਉਣਾ ਨਹੀਂ)



Namdhari Elibrary NamdhariElibrary@gmail.com

(ਸਫ਼ਾ 17 ਦੀ ਬਾਕੀ-ਹਰਿਬਲਭ)

ਨਾਲੋਂ ਕੁਝ ਕੁ ਘਟ ਰਹੀ, ਸ਼ਾਇਦ ਖਾਂ ਸਾਹਿਬ ਦੀ ਰੂਹ ਨਹੀਂ ਲੱਗੀ। ਪਰ ਕ੍ਰਿਸ਼ਨ ਮਹਾਰਾਜ ਨਾਲ ਨੋਕ ਝੋਕ ਆਮ ਜਨਤਾ ਲਈ ਮਨੋਰੰਜਕ ਸੀ। ਖਾਂ ਸਾਹਿਬ ਦੇ ਹੱਥ ਵਿਚ ਸਫਾਈ ਤੇ ਸੁਰੀਲਾਪਨ ਹੈ। ਪ੍ਰਵੀਨ ਸੁਲਤਾਨਾ ਦਾ ਗਾਇਨ ਜਨਤਾ ਨੇ ਪਸੰਦ ਕੀਤਾ। ਉਸਤਾਦ ਵਲਾਇਤ ਖਾਂ ਦਾ ਸਿਤਾਰ ਵਾਦਨ ਸ਼ਾਮ ਨੂੰ ਹੋਇਆ। ਉਹਨਾਂ ਨੇ ਕਲਿਆਨ ਪੇਸ਼ ਕੀਤਾ। ਬੜੇ ਠਰੰਮੇ ਨਾਲ ਅਲਾਪ, ਜੋੜ ਅਲਾਪ ਕਰਨ ਤੋਂ ਬਾਅਦ ਦਰੁਤ ਗਤ ਹੀ ਸ਼ੁਰੂ ਕਰ ਦਿਤੀ। ਮਿਜ਼ਰਾਬ ਦਾ ਕੰਮ, ਛੰਦ, ਲੜ ਗੁਥਾਵ ਅਤੇ ਪੰਜ ਪੰਜ ਸੁਰਾਂ ਦੀ ਮੀਂਡ ਗਮਕਾਂ ਨਾਲ ਸੁਰਾਂ ਦੀ ਵਰਖਾ ਸ਼ੁਰੂ ਹੋ ਗਈ। ਮਹਿਫਲ ਵਿਚ ਸਕਤਾ ਤਾਰੀ ਸੀ। ਬਾਅਦ ਵਿਚ ਪਹਾੜੀ ਵਿਚ ਧੁਨ ਤੇ ਧੁਨ ਵਿਚ ਮਧਮ ਨੂੰ ਸ਼ੜਜ ਮਨ ਕੇ ਰਾਗ ਮਾਲਾ ਜਿਸ ਵਿਚ ਬਹਾਰ, ਦਰਬਾਰੀ, ਮਾਲਕੋਸ, ਸਾਰੰਗ, ਦੇਸ, ਜੈਜੈਵੰਤੀ, ਮਲਹਾਰ ਅਤੇ ਕਈ ਹੋਰ ਰਾਗਾਂ ਦੀ ਝਲਕ ਦਿਖਾ ਦਿਖਾ ਕੇ ਆਪਣੀ ਸਾਧਨਾ ਦਾ ਸਬੂਤ ਦਿਤਾ। ਖਾਂ ਸਾਹਿਬ ਸਪਾਟ ਤਾਨ ਵਿਚ ਅਦੁਤੀਏ ਹਨ। ਹਰੀ ਪ੍ਰਸਾਦ ਚੌਰਸੀਆ ਜੋ ਪੰਨਾ ਲਾਲ ਦੀ ਜਗ੍ਹਾ ਪੂਰੀ ਕਰ ਰਿਹਾ ਹੈ ਤੋਂ ਲੋਕਾਂ ਨੇ ਬਾਂਸਰੀ ਦਾ ਪੂਰਾ ਪੂਰਾ ਆਨੰਦ ਲਿਆ। ਇਹਨਾਂ ਦੀ ਬਾਂਸੁਰੀ ਵਿਚ ਰਸ ਹੈ ਜੋ ਦਿਲ ਨੂੰ ਛੋਂਹਦਾ ਹੈ। ਬਨਾਰਸ ਦੇ ਐਸ. ਆਰ. ਗੌਤਮ ਦਾ ਗੌਂਡ ਸਾਰੰਗ ਮਾਈਕ ਦੀ ਬਾਰ ਬਾਰ ਖਰਾਬੀ ਕਾਰਨ ਵਿਸ਼ੇਸ਼ ਰੁਚੀਕਰ ਨਹੀਂ ਸੀ। ਇਸ ਵਿਚ ਮਾਈਕ ਪ੍ਰਬੰਧ ਦੋਸ਼ੀ ਸੀ। ਸ੍ਰੀ ਮਤੀ ਗੰਗੂ ਬਾਈ ਹੰਗਲ ਦੇ ਜੋਗੀਆ ਗਾਇਨ ਨੇ ਲੋਕਾਂ ਨੂੰ ਮਸਤ ਕਰ ਦਿਤਾ। ਇਹਨਾਂ ਦਾ ਗਾਇਨ ਮਰਦਾਨਾ ਗਾਇਨ ਹੈ, ਅਤੇ ਪੂਰੇ ਜ਼ੋਰ ਨਾਲ ਸੁਰ ਲਾਉਂਦੇ ਹਨ। ਦੂਜੀ ਵਾਰੀ ਇਹਨਾਂ ਦਾ ਆਭੋਗੀ ਰਾਗ ਆਪਣਾ ਅਸਰ ਨਹੀਂ ਦੇ ਸਕਿਆ। ਦੀਪਾਲੀ ਨਾਗ ਪਹਿਲੀ ਵਾਰ ਹਰਿਬਲਭ ਵਿਚ ਭਾਗ ਲੈਣ ਲਈ ਪੁੱਜੀ ਸੀ। ਉਹਨਾਂ ਨੇ ਦਰਬਾਰੀ ਦੀ ਅਵਤਾਰਨਾ ਕੀਤੀ। ਪਰ ਇਸ ਵਿਚ ਦਰਬਾਰੀ ਰਾਗ ਵਾਲੀ ਕੋਈ ਗੱਲ ਨਹੀਂ ਸੀ। ਨਾ ਤਾਂ ਮੰਦਰ ਧੈਵਤ ਤੇ ਨਾ ਹੀ ਗੰਧਾਰ ਆਦਿ ਸੁਰਾਂ ਨੂੰ ਅੰਦੋਲਿਤ ਕੀਤਾ ਜਾ ਰਿਹਾ ਸੀ ਬਲਕਿ ਉਤਰਾਂਗ ਵਿਚ ਜੌਨਪੁਰੀ ਦੀ ਤਰ੍ਹਾਂ ਹੀ ਲੱਗ ਰਿਹਾ ਸੀ। ਇਹ ਤਾਂ ਕੇਵਲ ਰਾਗ ਨੂੰ ਸਮਝਣ ਵਾਲੇ ਹੀ ਇਸ ਗੱਲ ਨੂੰ ਸਮਝ ਸਕਦੇ ਹਨ। ਸ਼ੀਲਾ ਧਰ ਦਾ ਗਾਇਨ ਰਾਗ ਤੋੜੀ ਨਾਲ ਆਰੰਭ ਹੋਇਆ। ਆਵਾਜ਼ ਮਰਦਾਨਾ ਤੇ ਭਰਵੀਂ ਹੈ। ਬਾਅਦ ਵਿਚ ਮਦਮਾਦ ਸਾਰੰਗ ਦਾ ਵਿਲੰਬਤ ਤੇ ਦਰੁਤ ਖਿਆਲ ਸੁਣਾਇਆ ਜਿਸਦੀ ਕੋਈ ਲੋੜ ਨਹੀਂ ਸੀ। ਕਿਉਂਕਿ ਜਦੋਂ ਇਕ ਵਾਰ ਵਿਲੰਬਤ ਅਤੇ ਦਰੁਤ ਖਿਆਲ ਸੁਣਾ ਦਿਤਾ ਜਾਂਦਾ ਹੈ ਤਾਂ ਦੁਬਾਰਾ ਮੁੜੋਂ ਸ਼ੁਰੂ ਕਰਨ ਵਾਲੀ ਗੱਲ ਹੋ ਜਾਂਦੀ ਹੈ। ਮਹਿਫਲ ਵੀ ਦਰੁਤ 'ਤੋਂ ਬਾਅਦ ਵਿਲੰਬਤ ਦੇ ਮੂਡ ਵਿਚ ਨਹੀਂ ਹੁੰਦੀ। ਮੁਨਵਰ ਅਲੀ ਖਾਂ ਸਾਹਿਬ ਇਸ ਸਮੇਂ ਪਟਿਆਲੇ ਘਰਾਨੇ ਦਾ ਪ੍ਰਤੀਨਿਧਤਵ ਕਰ ਰਹੇ ਹਨ। ਬਾਗੇਸਰੀ ਤੋਂ ਬਾਅਦ ਕਈ ਚੀਜ਼ਾਂ ਸੁਣਾਈਆਂ। ਦੂਜੀ ਵਾਰੀ ਹਿੰਡੋਲਕਾ ਸਾਰੰਗ ਵਿਚ ਖਾਂ ਸਾਹਿਬ ਨੇ ਸਮਾਂ ਬੰਨ੍ਹ ਦਿਤਾ ਇਹਨਾਂ ਦੇ ਪਿਤਾ ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਦੀਆਂ ਠੁਮਰੀਆਂ ਬੜੀਆਂ ਪ੍ਰਸਿਧ ਹਨ। ਜੋ ਲੋਗ ਬਾਰ ਬਾਰ ਇਹਨਾਂ ਤੋਂ ਸੁਨਣ ਦੀ ਮੰਗ ਕਰ ਰਹੇ ਸਨ।

ਉਸਤਾਦ ਇਮਰਤ ਖਾਂ ਨੇ ਸੁਰਬਹਾਰ ਤੇ ਅਲਾਪ, ਜੋੜ ਕਰਨ ਤੋਂ ਬਾਅਦ ਸਿਤਾਰ ਤੇ ਰਾਗ ਦੇਸ ਵਿਚ ਮਸੀਤ-ਖਾਨੀ ਤੇ ਰਜ਼ਾ-ਖਾਨੀ ਗੱਤਾਂ ਵਜਾਈਆਂ। ਸੁਰ ਬਹਾਰ ਇਕ ਕਠਿਨ ਸਾਜ਼ ਹੈ। ਇਸ ਦੀ ਛਾਟ ਚੌੜੀ ਹੋਣ ਕਾਰਨ ਦਰੁਤ ਲੈਅ ਵਿਚ ਖਬੇ ਹੱਥ ਦਾ ਕੰਮ ਕਠਿਨ ਹੁੰਦਾ ਹੈ ਤੇ 6, 7 ਸੁਰਾਂ ਦੀ ਮੀਂਡ ਲਈ ਜਾਂਦੀ ਹੈ। ਇਹ ਮੀਂਡ ਦਾ ਕੰਮ ਗਿਆਨੀ ਤੇ ਸੁਲਝਿਆ ਹੋਇਆ ਵਾਦਕ ਹੀ ਕਰ ਸਕਦਾ ਹੈ ਸੁਰ ਬਹਾਰ ਨੂੰ ਖਾਂ ਸਾਹਿਬ ਨੇ ਜ਼ਿੰਦਾ ਰਖਿਆ ਹੋਇਆ ਹੈ। ਇਹਨ੍ਹਾਂ ਮਹਾਨ ਕਲਾਕਾਰਾਂ ਤੋਂ ਛੁਟ ਕੁਝ ਅਜਿਹੇ ਕਲਾਕਾਰ ਵੀ ਆਏ ਜੋ ਜਨਤਾ ਦਾ ਕੀਮਤੀ ਸਮਾਂ ਹੀ ਨਸ਼ਟ ਕਰ ਕੇ ਟੁਰਦੇ ਹੋਏ। ਜਿਨ੍ਹਾਂ ਵਿਚੋਂ ਦੋ ਬੀਬੀਆਂ ਵਿਸ਼ੇਸ਼ ਕਰ ਕੇ। ਕੁਝ ਨਵੇਂ ਕਲਾਕਾਰ ਵੀ ਸਾਮ੍ਹਣੇ ਆਏ। ਗੁਰਦੇਵ ਸਿੰਘ ਦਾ ਸਰੋਦ ਉਤੇ ਰਾਗ ਮਾਲਕੋਸ ਅਤੇ ਹੁਸਨ ਲਾਲ ਜੀ ਦੇ ਸਪੁਤਰ ਦਾ ਵਾਇਲਨ ਵਾਦਨ। ਅਜ ਕਲ ਗੁਰਦੇਵ ਸਿੰਘ ਨਾਮਧਾਰੀ ਸਰੋਦ ਵਾਦਕ ਉਸਤਾਦ ਅਮਜਦ ਅਲੀ ਪਾਸੋਂ ਤਾਲੀਮ ਲੈ ਰਿਹਾ ਹੈ ਤੇ ਉਸ ਤੋਂ ਭਵਿਸ਼ ਵਿਚ ਚੰਗੀ ਆਸ਼ਾ ਕੀਤੀ ਜਾ ਸਕਦੀ ਹੈ। ਇਹਨਾਂ ਨਾਲ ਤਬਲੇ ਤੇ ਪੰ: ਸਾਮਤਾ ਪ੍ਰਸਾਦ ਦੇ ਸ਼ਾਗਿਰਦ ਸ: ਅਵਤਾਰ ਸਿੰਘ ਨੇ ਬਹੁਤ ਯੋਗਤਾ ਨਾਲ ਸਾਥ ਦਿਤਾ। ਸੁਜਾਤ ਖਾਂ ਤੇ ਨਿਸ਼ਾਤ ਖਾਂ (ਕ੍ਰਮਵਾਰ ਉਸਤਾਦ ਵਲਾਇਤ ਖਾਂ ਤੇ ਉਸਤਾਦ ਇਮਰਤ ਖਾਂ ਦੇ ਸਪੁਤਰ) ਨੇ ਰਾਗ ਯਮਨ ਰਾਹੀਂ ਆਪਣੀ



Namdhari Elibrary NamdhariElibrary@gmail.com

ਕਲਾ ਕੌਸ਼ਲ ਦਿਖਾ ਕੇ ਸ੍ਰੋਤਿਆਂ ਨੂੰ ਚਕ੍ਰਿਤ ਕਰ ਦਿਤਾ, ਕਿਉਂਕਿ ਦੋਨੋਂ ਹੀ ਬੜੀ ਛੋਟੀ ਛੋਟੀ ਉਮਰ ਦੇ ਹਨ, ਪਰ ਕਲਾ ਵਿਚ ਵੱਡੇ ਹਨ।

ਡਾ: ਲਾਲ ਮਣੀ ਮਿਸ਼ਰ ਭੀ ਭਾਗ ਲੈਣ ਲਈ ਬੁਲਾਏ ਗਏ ਸਨ। ਉਹਨਾਂ ਨੂੰ 7 ਵਜੇ ਸ਼ਾਮ 18-1-76 ਨੂੰ ਸਮਾਂ ਦੇਣਾ ਨਿਸ਼ਚਤ ਕੀਤਾ ਗਿਆ ਪਰ ਇਹ ਸਮਾਂ ਹੋਰਨਾਂ ਨੂੰ ਮਿਲ ਗਿਆ ਜਿਸ ਕਾਰਨ ਉਹ ਆਪਣੇ ਅਗਲੇ ਪ੍ਰੋਗਰਾਮ ਤੇ ਪੁਜਨ ਲਈ ਬਿਨਾ ਵੀਣਾ ਵਾਦਨ ਦੀ ਆਈਟਮ ਦਿਤੇ ਹੀ ਚਲੇ ਗਏ। ਇਸ ਲਈ ਹਰਿਬਲਭ ਉਹਨਾਂ ਦੀ ਵੀਣਾ ਸੁਣਨ ਤੋਂ ਵਾਂਝਾ ਰਹਿ ਗਿਆ। ਹਰਿਬਲਭ ਵਿਚ ਕੋਈ ਵੀ ਕਿਸੇ ਦਾ ਸਮਾਂ ਨਿਸ਼ਚਤ ਨਹੀਂ ਰਹਿੰਦਾ। ਬੋਰਡ ਉਤੇ ਕੁਝ ਲਿਖਿਆ ਹੁੰਦਾ ਹੈ ਤੇ ਸਟੇਜ ਤੇ ਕੁਝ ਹੋਰ ਹੁੰਦਾ ਹੈ। ਰਸਿਕ ਲਾਲ ਅੰਧਾਰੀਆ ਨੇ ਮਾਲਕੌਂਸ ਦੀ ਅਨਾਊਂਸਮੈਂਟ ਕਰਵਾਈ, ਪਰ ਫਰਮਾਇਸ਼ ਦੇ ਕਾਰਣ ਮੇਘ ਰਾਗ ਗਾਇਆ। ਉਸਤਾਦ ਅਮੀਰ ਖਾਂ ਸਾਹਿਬ ਦੀ ਯਾਦ ਤਾਜ਼ਾ ਹੋ ਗਈ। ਰਸਿਕ ਜੀ ਦਾ ਗਾਇਨ ਦਰਦ, ਸੋਜ਼ ਤੇ ਸ਼ਾਂਤੀ ਨਾਲ ਭਰਪੂਰ ਹੈ। ਰਾਗ ਵਿਚ ਗਿਲਾ ਪੀਣ ਨਹੀਂ ਹੁੰਦਾ ਬਲਕਿ 20, 25 ਮਿੰਟਾਂ ਵਿਚ ਇਕ ਰਾਗ ਸਮਾਪਤ ਕਰਕੇ ਦੂਜਾ ਸ਼ੁਰੂ ਕਰ ਦਿੰਦੇ ਹਨ। ਰਸਿਕ ਜੀ ਦਾ ਗਾਇਨ ਬੜਾ ਸੁੰਦਰ ਰਿਹਾ।

ਅਜ ਤੋਂ ਕੁਝ ਸਾਲ ਪਹਿਲਾਂ ਹਰੇਕ ਕਲਾਕਾਰ ਰੋਜ਼ ਇਕ ਆਈਟਮ ਦਿੰਦਾ ਸੀ। ਪਰ ਕਾਨਫਰੰਸਾਂ ਨੇ ਸੰਗੀਤਕਾਰਾਂ ਦਾ ਰਵਈਆ ਬਦਲ ਦਿਤਾ ਹੈ। ਆਮ ਕਰਕੇ ਹਰੇਕ ਦੀ ਇਕ ਇਕ ਹੀ ਆਈਟਮ ਸੀ। ਕਿਉਂਕਿ ਕਲਾਕਾਰ ਬਹੁਤੇ ਹੋ ਗਏ ਸਨ। ਕੁਝ ਦੀਆਂ ਦੋ ਦੋ ਵੀ ਸਨ। ਇਹ ਮੇਲਾ ਰਾਤ 18-1-76 ਨੂੰ ਸਮਾਪਤ ਹੋਇਆ। ਗਿਆਰਾਂ ਮਹੀਨੇ ਦੀ ਉਡੀਕ ਤੋਂ ਬਾਅਦ ਫਿਰ ਸ੍ਰੋਤਿਆਂ ਨੂੰ ਆਨੰਦ ਦੇਵੇਗਾ। ਇਹ ਮੇਲਾ ਜਗਤ ਪ੍ਰਸਿਧ ਹੋ ਚੁਕਾ ਹੈ। ਇਥੇ ਕੋਈ ਟਿਕਟ ਨਹੀਂ ਹੁੰਦੀ। ਸਾਰੇ ਸਰੋਤੇ ਜ਼ਮੀਨ ਤੇ ਬੈਠਦੇ ਹਨ। ਪੰਡਾਲ ਦੇ ਅੰਦਰ ਜਾਣ ਲਈ ਪਾਸਾਂ ਦੀ ਵਰਤੋਂ ਹੁੰਦੀ ਹੈ। ਬੀਬੀਆਂ ਦੇ ਬੈਠਣ ਦਾ ਵਿਸ਼ੇਸ਼ ਸਥਾਨ ਵੀ ਨਿਸਚਤ ਕੀਤਾ ਜਾਂਦਾ ਹੈ।

ਪਦਮ ਵਿਭੂਸ਼ਨ ਸ੍ਰੀ ਅਸ਼ਵਨੀ ਕੁਮਾਰ D. G. (B.S.F.) ਦਾ ਇਸ ਸੰਗੀਤ ਸਮੇਲਨ ਨੂੰ ਕਾਮਯਾਬ ਬਨਾਉਣ ਵਿਚ ਉਚਾ ਹੱਥ ਹੈ। ਕੁਮਾਰ ਸਾਹਿਬ ਸੰਗੀਤ ਦੇ ਚੰਗੇ ਪਾਰਖੂ ਤੇ ਉਚੇ ਕਦਰਦਾਨ, ਸ੍ਰੋਤੇ ਹਨ। ਹਰ ਸਾਲ ਨਵੇਂ ਨਵੇਂ ਕਲਾਕਾਰ ਮੰਗਵਾ ਕੇ ਸੰਗੀਤ ਸ੍ਰੋਤਿਆਂ ਦੀ ਆਤਮਾ ਨੂੰ ਆਨੰਦਿਤ ਕਰਦੇ ਹਨ। ਉਹਨਾਂ ਦੀ ਦੇਖ ਰੇਖ ਹੇਠ ਮੇਲੇ ਦਾ ਪ੍ਰਬੰਧ ਬੜਾ ਸੁਚਜਾ ਤੇ ਪ੍ਰਸੰਸਾ ਯੋਗ ਹੁੰਦਾ ਹੈ।



ਲੇਖਕ : ਪ੍ਰੋ: ਜੁਗਿੰਦਰ ਬਾਵਰਾ,
ਪ੍ਰਸਿਧ ਗਾਇਕ ਪਦਮ ਸ੍ਰੀ ਪੰਡਤ ਜਸ ਰਾਜ ਨਾਲ ਹਰਿਬਲਭ ਸੰਗੀਤ ਸੰਮੇਲਨ ਸਮੇਂ



Namdhari Elibrary NamdhariElibrary@gmail com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES — Phone : 2737

# *HABI INDUSTRIES (Regd.)*

10 Industrial Area
PHAGWARA—144401 (Pb.)



Namdhari Elibrary NamdhariElibrary@gmail.com

—: ਪੁਸਤਕ ਸੂਚਨਾ :—

ਧੁੱਪ ਉਜਾੜ ਤੇ ਰਾਹਗੀਰ ਅਤੇ 'ਸਲੀਬ ਉਤੇ ਟੰਗਿਆ ਮਨੁਖ' ਤੋਂ ਬਾਅਦ

## ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਦਾ

ਨਵਾਂ ਕਹਾਣੀ ਸੰਗ੍ਰਹਿ

## ਮੈਂ ਕਸੁੰਭੜਾ ਚੁੱਗ ਚੁੱਗ ਹਾਰੀ

ਛਪ ਰਿਹਾ ਹੈ।



Manufacturers & Suppliers of :

SUPERIOR QUALITY

M. S. PIPE, HAND PUMP

FILTERS & JALI.

## GURU NANAK JALI WORKS

**I.C/139 Namdhari Colony,**
**Ramesh Nagar,**
**NEW DELHI—15.**

**With Best Compliments From :**

# MANJEET PLASTICS

**Manufacturers of :**

**RUBBER CHAPPAL & P. V. C. FOOTWEARS**

**B-51, Rewari Line Phase-1**

**Mayapuri NEW DELHI-110027.**



Namdhari Elibrary NamdhariElibrary@gmail.com

## ਸਾਹਿਤ ਸਮਾਚਾਰ—

### ਨਵਾਂ ਸਾਹਿਤ' ਦਾ ਵਿਸ਼ੇਸ਼ ਅੰਕ

ਜਿਵੇਂ ਹਾਸਰਸ ਦਾ ਜੀਵਨ ਵਿਚ ਵਿਸ਼ੇਸ਼ ਸਥਾਨ ਹੈ ਇਵੇਂ ਹੀ ਪਿਆਰਾ ਸਿੰਘ ਦਾਤਾ ਦਾ ਹਾਸਰਸ ਸਾਹਿਤ ਵਿਚ ਖਾਸ ਥਾਂ ਹੈ। ਸਫਲ ਤੇ ਸਾਰਥਕ ਹਾਸ ਰਸ ਲਿਖਣਾ ਮੁਸ਼ਕਲ ਹੁੰਦਾ ਹੈ। ਇਹ ਪਾਠਕ ਨੂੰ ਹਸਾਉਂਦਾ ਵੀ ਹੈ ਅਤੇ ਉਸ ਨੂੰ ਚੂੰਡੀਆਂ ਵੀ ਵਢਦਾ ਹੈ। ਪਿਆਰਾ ਸਿੰਘ ਦਾਤਾ ਨੇ ਅਨੇਕਾਂ ਪੁਸਤਕਾਂ ਹਾਸ ਰਸ ਦੇ ਵਿਸ਼ੇ ਉਤੇ ਲਿਖ ਕੇ ਇਸ ਪਿੜ ਵਿਚ ਸ਼ਿਖਰ ਸੇਵਾ ਕੀਤੀ ਹੈ। ਸ: ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਦਾਤਾ ਨੂੰ ਹਾਸ ਵਿਅੰਗ ਦਾ ਸ਼ਹਿਜ਼ਾਦਾ ਕਿਹਾ ਹੈ। ਉਹਨਾਂ ਨੂੰ ਦਿਤਾ ਗਿਆ ਅਭਿਨੰਦਨ ਗ੍ਰੰਥ 'ਪਿਆਰਾ ਸਿੰਘ ਦਾਤਾ ਤੇ ਉਸਦਾ ਹਾਸ ਵਿਅੰਗ' (ਕੀਮਤ 30 ਰੁਪਏ) ਐਸੀ ਪੁਸਤਕ ਹੈ ਜਿਸ ਨੂੰ ਪਾਠਕ ਬਾਰ ਬਾਰ ਪੜ੍ਹਨ ਤੇ ਮਜਬੂਰ ਹੁੰਦਾ ਹੈ। ਇਸ ਵਿਚ ਲੇਖਕ ਦੀਆਂ ਸੱਠ ਤੋਂ ਉਪਰ ਹਾਸ ਵਿਅੰਗ ਕ੍ਰਿਤਾਂ ਤੋਂ ਇਲਾਵਾ ਪੰਜਾਬੀ ਦੇ ਉਘੇ ਸਾਹਿਤਕਾਰ ਤੇ ਲੇਖਕਾਂ ਵਲੋਂ ਲੇਖ ਵੀ ਹਨ।

ਦਾਤਾ ਜੀ ਪੰਜਾਬੀ ਵਿਚ ਮਾਸਕ 'ਨਵਾਂ ਸਹਿਤ' ਦਿਲੀ ਤੋਂ ਕਢਦੇ ਹਨ ਜਿਸ ਵਿਚ ਹਾਸ-ਵਿਅੰਗ ਪ੍ਰਧਾਨ ਅੰਸ਼ ਹੁੰਦਾ ਹੈ। ਨਵਾਂ ਸਾਹਿਤ ਦਾ ਨਵੰਬਰ-ਦਸੰਬਰ ਦਾ ਅੰਕ ਹਾਸ ਵਿਅੰਗ ਦਾ ਵਿਸ਼ੇਸ਼ ਅੰਕ ਹੈ ਜਿਸ ਵਿਚ ਉਰਦੂ ਅਤੇ ਪੰਜਾਬੀ ਦੇ ਪੁਰਾਣੇ ਤੇ ਨਵੇਂ ਲੇਖਕਾਂ ਜਿਵੇਂ ਕੰਨੲੀਆ ਲਾਲ ਕਪੂਰ, ਸੂਬਾ ਸਿੰਘ, ਡਾ: ਗੁਰਨਾਮ ਸਿੰਘ ਤੀਰ, ਪ੍ਰੋ: ਬਲਬੀਰ ਸਿੰਘ, ਅਨੰਤ ਸਿੰਘ ਕਾਬਲੀ, ਸ਼ੇਰ ਜੰਗ ਜਾਂਗਲੀ, ਦਾਤਾ, ਮਨੋਹਰ ਸਿੰਘ ਮਾਰਕੋ, ਪ੍ਰਕਾਸ਼ ਪੰਡਿਤ, ਸਆਦਤ ਹਸਨ ਮੰਟੋ, ਮਜੀਦ ਲਾਹੌਰੀ, ਡਾਕਟਰ ਨਰੇਸ਼, ਹਮਦਰਦਵੀਰ ਨੌਸ਼ਹਿਰਵੀ, ਗੁਮਨਾਮ ਉਰਦੂ ਲਿਖਾਰੀ, ਕੇ ਐਲ ਗਰਗ, ਜੇ ਐਲ ਨੰਦਾ, ਸ਼ਮਸ਼ੇਰ ਸਿੰਘ ਸਾਜ, ਦਰਸ਼ਨ ਗੋਇਲ ਤੇ ਰਘਬੀਰ ਸਿੰਘ ਭਰਤ ਦੇ ਵਿਅੰਗਮਈ ਲੇਖ ਹਨ ਜੋ ਜੀਵਨ ਦੇ ਵਖੋ ਵਖ ਪਖਾਂ ਨੂੰ ਛੋਂਹਦੇ ਹਨ। ਹਰ ਪੰਨੇ ਤੇ ਰੰਗਦਾਰ ਵੇਲ ਛਾਪ ਕੇ ਉਸ ਵਿਚ 36 ਐਮ ਵਿਚ ਹੀ ਸਾਰਾ ਅੰਕ ਛਾਪਿਆ ਹੈ ਜੋ ਬਹੁਤ ਸੁੰਦਰ ਲਗਦਾ ਹੈ। ਟਾਈਟਲ ਤਿੰਨ ਰੰਗਾਂ ਆਰਟ ਪੇਪਰ ਉਤੇ ਵਾਰਨਿਸ਼ ਹੋਇਆ ਹੈ ਜਿਸ ਉਤੇ ਤਿੰਨ ਕਾਰਟੂਨ ਤੇ ਚਰਨ ਸਿੰਘ ਸ਼ਹੀਦ ਦੀ ਪੁਰਾਣੀ ਕਵਿਤਾ 'ਪਹਿਲ' ਹੈ। ਸਾਰਾ ਅੰਕ ਹੀ ਬਹੁਤ ਰੋਚਕ ਹੈ, ਵਿਸ਼ੇਸ਼ ਅੰਕ ਦਾ ਮੁਲ ਦੋ ਰੁਪਏ ਹੈ ਅਤੇ ਸਾਲਾਨਾ ਚੰਦਾ 12 ਰੁਪਏ ਹੈ ਮਿਲਣ ਦਾ ਪਤਾ ਹੈ:- ਦਫਤਰ ਨਵਾਂ ਸਾਹਿਤ, 32 ਬੀ ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ ਦਿਲੀ—

—ਸੰਪਾਦਕ

---

### ਪੰਜਾਬੀ ਸਾਹਿਤ ਸਭਾ ਸਮਰਾਲਾ ਦੀ ਇਕ ਪੰਜਾਬੀ ਲਖਕ-ਸੰਪਾਦਕ ਨਾਲ ਮੁਲਾਕਾਤ

ਪੰਜਾਬੀ ਸਾਹਿਤ ਸਭਾ ਸਮਰਾਲਾ ਆਪਣੇ ਵੀਹ ਸਾਲਾਂ ਦੇ ਸ਼ਾਨਦਾਰ ਸਾਹਿਤਕ ਇਤਿਹਾਸ ਨੂੰ ਅਗੇ ਲੈ ਜਾਂਦੀ ਹੋਈ 15-2-1976 ਨੂੰ ਪ੍ਰਸਿਧ ਪੰਜਾਬੀ ਲੇਖਕ ਤੇ ਸੰਪਾਦਕ ਨਵਤੇਜ ਸਿੰਘ ਪ੍ਰੀਤਲੜੀ ਨਾਲ ਇਕ ਸਾਹਿਤਕ ਮੁਲਾਕਾਤ ਦਾ ਪ੍ਰਬੰਧ ਕਰਦੀ ਹੈ। ਪੰਜਾਬੀ ਸਾਹਿਤ ਸਭਾ ਸਮਰਾਲਾ ਦੇ ਪ੍ਰਧਾਨ ਪ੍ਰੋ: ਹਮਦਰਦਵੀਰ ਨੌਸ਼ਹਿਰਵੀ ਅਤੇ ਜਨਰਲ ਸਕੱਤਰ ਬਲਦੇਵ ਧਾਲੀਵਾਲ ਦੀਆਂ ਕੋਸ਼ਿਸ਼ਾਂ ਸਦਕਾ ਸਭਾ ਦੇ ਮੈਂਬਰਾਂ ਦੀ ਗਿਣਤੀ ਪਹਿਲਾਂ ਨਾਲੋਂ ਦੁਗਣੀ ਹੋ ਗਈ ਹੈ।

ਅਸੀਮ ਕੁਟਾਲਵੀ

---

### ਪੰਜਾਬੀ ਚਿੰਤਨ ਸਭਾ ਦੀ ਗੋਸ਼ਟੀ

ਮਿਤੀ 1-2-76 ਨੂੰ ਪੰਜਾਬੀ ਚਿੰਤਨ ਸਭਾ ਸਮਰਾਲਾ ਦੀ ਇਕ ਵਿਸ਼ੇਸ਼ ਇਕਤ੍ਰਤਾ/ਗੋਸ਼ਟੀ ਹੋਈ—ਗੋਸ਼ਟੀ ਵਿਚ 'ਮਹਿੰਦਰ ਰਾਮਪੁਰੀ', ਗੁਰਦੇਵ ਸਿੰਘ ਪੰਦੋਹਲ ਅਤੇ 'ਬਗਾ ਮਹਿਤਾਬ' ਨੇ ਗਜ਼ਲਾਂ ਪੜ੍ਹੀਆਂ ਅਤੇ 'ਗੁਰਦਿਆਲ ਦਲਾ' ਨੇ ਏਕਾਂਗੀ ਨਾਟਕ 'ਉਸਾਰੂ ਕੰਮ ਦੇ' ਪੜ੍ਹਿਆ। ਮੀਟਿੰਗ ਵਿਚ ਹਾਜ਼ਰ ਲਗ ਭਗ ਪੰਦਰਾਂ ਸਾਹਿਤਕਾਰਾਂ ਨੇ ਆਨੰਦ ਮਾਣਿਆਂ ਅਤੇ ਬਹੁਤ ਹੀ ਉਸਾਰੂ ਸਮੀਖਿਆ ਕੀਤੀ। ਇਹ ਪ੍ਰੋਗਰਾਮ ਕੋਈ ਚਾਰ ਘੰਟੇ ਚਲਿਆ। ਅਗਲੀ ਗੋਸ਼ਟੀ ਮਿਤੀ 22-2-76 ਨੂੰ ਹੋਣੀ ਨੀਯਤ ਹੋਈ।

ਗੁਰਦੇਵ ਸਿੰਘ ਪੰਦੋਹਲ
ਜਨਰਲ ਸਕੱਤਰ
ਪੰਜਾਬੀ ਚਿੰਤਨ ਸਭਾ ਸਮਰਾਲਾ।



Namdhari Elibrary NamdhariElibrary@gmail.com

Registered : P/JL—76 MONTHLY WARIAM Feb. 1976 No. 2293/96/AS(

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

# ASOKA BISCUITS

## ਭਰਪੂਰ ਤੰਦਰੁਸਤੀ ਅਤੇ ਸਵਾਦ ਲਈ [illegible]




WANTED SUB DISTRIBUTORS FOR NORTHERN INDIA

PLEASE CONTACT :

Phones : Office : 267343
Resi. : 212667

# M/s. INDIAN FOOD AGENCIES

**229 Lajpat Rai Market, DELHI–110006**

**Manufacturers :**

# The ASOKA BISCUIT WORKS

**Kachi Guda HYDERABAD–27 A.P.**

ਐਡੀਟਰ, ਪ੍ਰਿੰਟਰ ਤੇ ਪ੍ਰਕਾਸ਼ਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼ ਲਾਡੋਵਾਲੀ ਰੋਡ ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Namdhari Elibrary NamdhariElibrary@gmail.com